# ਖੇਤੀ ਸੰਦੇਸ਼

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦਾ ਹਫ਼ਤਾਵਾਰੀ ਡਿਜੀਟਲ ਅਖ਼ਬਾਰ

14 ਜਨਵਰੀ, 2026 | ਅੰਕ: 437

**ਸੰਪਾਦਕ**
ਡਾ ਕੁਲਵਿੰਦਰ ਕੌਰ ਗਿੱਲ

**ਸਹਿ ਸੰਪਾਦਕ**
ਡਾ ਗੁਰਪ੍ਰੀਤ ਸਿੰਘ ਮੱਕੜ

## ਅੰਦਰ ਝਾਤ

02
ਟਿਰੈਕਟਰਾਂ ਨੂੰ ਚਲਾਉਣ ਲਈ ਸੂਖਮ ਆਟੋ-ਸਟੀਅਰਿੰਗ ਸਿਸਟਮ

03
ਸ਼ਹਿਰੀ ਜਾਂ ਅਰਧ ਸ਼ਹਿਰੀ ਇਲਾਕੇ ਵਿੱਚ ਘਰੇਲੂ ਬਗੀਚੀ ਉਗਾਓ

04
ਪਿਆਜ਼ ਅਤੇ ਲਸਣ ਵਿੱਚ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਿਵੇਂ ਕਰੀਏ?

05
ਸਰਦੀਆਂ ਵਿੱਚ ਮੁਰਗੀਆਂ ਦੀ ਸੰਭਾਲ

06
ਮੈਂਥੇ ਦੀ ਸਫਲ ਕਾਸ਼ਤ ਲਈ ਉੱਨਤ ਤਕਨੀਕਾਂ ਅਪਨਾਓ

07
ਸ. ਲਖਵੀਰ ਸਿੰਘ - ਡੇਅਰੀ ਫਾਰਮਿੰਗ ਸਿਖਿਆਰਥੀ ...

08
ਮੌਸਮ ਅਤੇ ਫਸਲਾਂ ਦਾ ਹਾਲ

## ਸੁਨੇਹਾ



ਸਤਿਕਾਰਯੋਗ ਅਧਿਆਪਕ ਸਾਥੀਓ, ਪਿਆਰੇ ਵਿਦਿਆਰਥੀਓ ਅਤੇ ਕਿਸਾਨ ਵੀਰੋ,
ਲੋਹੜੀ ਦੇ ਇਸ ਖੁਸ਼ੀਆਂ ਭਰੇ ਤਿਉਹਾਰ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ!

ਲੋਹੜੀ ਦਾ ਤਿਉਹਾਰ ਸਾਡੇ ਅਮੀਰ ਪੰਜਾਬੀ ਵਿਰਸੇ ਅਤੇ ਖੇਤੀਬਾੜੀ ਸੱਭਿਆਚਾਰ ਦਾ ਪ੍ਰਤੀਕ ਹੈ। ਇਹ ਤਿਉਹਾਰ ਨਵੀਂ ਰੁੱਤ ਦੇ ਆਗਮਨ ਅਤੇ ਸਾਡੀ ਕਿਰਤ ਦੀ ਸਫਲਤਾ ਦਾ ਪ੍ਰਤੀਕ ਹੈ। ਜਿਵੇਂ ਲੋਹੜੀ ਦੀ ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂੰਹਦੀਆਂ ਹਨ, ਮੇਰੀ ਅਰਦਾਸ ਹੈ ਕਿ ਸਾਡੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਭਵਿੱਖ ਵੀ ਉਸੇ ਤਰ੍ਹਾਂ ਰੌਸ਼ਨ ਹੋਵੇ ਅਤੇ ਸਾਡੇ ਕਿਸਾਨਾਂ ਦੇ ਖੇਤ ਹਮੇਸ਼ਾ ਹਰੇ-ਭਰੇ ਰਹਿਣ।


ਜਿਵੇਂ ਅਸੀਂ ਪਿਛਲੇ ਸਾਲ  ਵਿਗਿਆਨਿਕ ਖੇਤਰ ਵਿਚ ਮੱਲਾਂ ਮਾਰੀਆ ਹਨ, ਉਸੇ ਤਰ੍ਹਾਂ ਇਸ ਸਾਲ ਵੀ ਅਸੀਂ ਖੇਤੀਬਾੜੀ ਵਿੱਚ ਨਵੀਆਂ ਤਕਨੀਕਾਂ ਅਤੇ ਵਾਤਾਵਰਨ ਦੀ ਸੰਭਾਲ ਲਈ ਪਰਾਲੀ ਦੀ ਸੰਭਾਲ ਵਰਗੇ ਸਾਰਥਕ ਕਦਮ ਚੁੱਕਾਂਗੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹਮੇਸ਼ਾ ਹੀ ਵਿਗਿਆਨਕ ਖੋਜਾਂ ਰਾਹੀਂ ਪੰਜਾਬ ਦੀ ਕਿਸਾਨੀ ਨੂੰ ਉੱਚਾ ਚੁੱਕਣ ਲਈ ਵਚਨਬੱਧ ਰਹੀ ਹੈ ਅਤੇ ਮੈਨੂੰ ਉਮੀਦ ਹੈ ਕਿ ਅਸੀਂ ਸਭ ਮਿਲ ਕੇ ਸੂਬੇ ਦੀ ਤਰੱਕੀ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਰਹਾਂਗੇ।ਇਸੇ ਤਰ੍ਹਾਂ ਮਾਘੀ ਦਾ ਇਹ ਦਿਹਾੜਾ ਸਾਡੇ ਲਈ ਬਹੁਤ ਵੱਡੀ ਇਤਿਹਾਸਕ ਅਤੇ ਅਧਿਆਤਮਕ ਮਹੱਤਤਾ ਰੱਖਦਾ ਹੈ।ਖੇਤੀਬਾੜੀ ਪੱਖੋਂ ਵੀ ਇਹ ਸਮਾਂ ਬਹੁਤ ਅਹਿਮ ਹੈ। ਲੋਹੜੀ ਦੀ ਅੱਗ ਤੋਂ ਬਾਅਦ ਮਾਘੀ ਦੀ ਸੰਗਰਾਂਦ ਨਵੇਂ ਉਤਸ਼ਾਹ ਅਤੇ ਨਵੀਂ ਰੁੱਤ ਦਾ ਸੁਨੇਹਾ ਲੈ ਕੇ ਆਉਂਦੀ ਹੈ। ਜਿਵੇਂ ਕੁਦਰਤ ਇੱਕ ਨਵੀਂ ਕਰਵਟ ਲੈਂਦੀ ਹੈ, ਮੇਰੀ ਕਾਮਨਾ ਹੈ ਕਿ ਸਾਡੇ ਕਿਸਾਨਾਂ ਦੇ ਖੇਤਾਂ ਵਿੱਚ ਵੀ ਖੁਸ਼ਹਾਲੀ ਦੀ ਨਵੀਂ ਲਹਿਰ ਆਵੇ।ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਅਸੀਂ ਅਹਿਦ ਕਰਦੇ ਹਾਂ ਕਿ ਅਸੀਂ ਆਪਣੀ ਮਿੱਟੀ, ਪਾਣੀ ਅਤੇ ਹਵਾ ਨੂੰ ਬਚਾਉਣ ਲਈ ਵਿਗਿਆਨਕ ਸੋਚ ਨਾਲ ਕੰਮ ਕਰਦੇ ਰਹਾਂਗੇ। ਆਓ, ਅੱਜ ਦੇ ਦਿਨ ਅਸੀਂ ਸਾਰੇ ਮਿਲ ਕੇ ਪੰਜਾਬ ਦੀ ਖੇਤੀ ਨੂੰ ਹੋਰ ਮਜ਼ਬੂਤ ਅਤੇ ਵਾਤਾਵਰਣ ਪੱਖੀ ਬਣਾਉਣ ਦਾ ਪ੍ਰਣ ਕਰੀਏ।

ਮੈਂ ਅਰਦਾਸ ਕਰਦਾ ਹਾਂ ਕਿ ਇਹ ਸਾਲ ਤੁਹਾਡੇ ਸਾਰਿਆਂ ਲਈ ਸਿਹਤਯਾਬੀ, ਖੁਸ਼ਹਾਲੀ ਅਤੇ ਕਾਮਯਾਬੀਆਂ ਭਰਿਆ ਹੋਵੇ।

# ਟਰੈਕਟਰਾਂ ਨੂੰ ਚਲਾਉਣ ਲਈ ਸੂਖਮ ਆਟੋ-ਸਟੀਅਰਿੰਗ ਸਿਸਟਮ







ਖੇਤੀਬਾੜੀ ਮਸ਼ੀਨਰੀ ਦਾ ਸਹੀ ਅਤੇ ਸੂਖਮਤਾ ਨਾਲ ਚੱਲਣਾ; ਖੇਤੀ ਦੇ ਖ਼ਰਚਿਆਂ ਨੂੰ ਘਟਾਉਣ, ਉਤਪਾਦਕਤਾ ਵਧਾਉਣ ਅਤੇ ਕੰਮ ਨੂੰ ਸੁਖਾਲਾ ਬਣਾਉਣ ਲਈ ਬਹੁਤ ਜ਼ਰੂਰੀ ਹੈ। ਖੇਤੀਬਾੜੀ ਵਿੱਚ ਮਜ਼ਦੂਰਾਂ ਦੀ ਘਾਟ ਦਾ ਕਾਰਨ ਨੌਜਵਾਨ ਪੀੜ੍ਹੀ ਲਈ ਖੇਤੀ ਹੋਰ ਰੁਜ਼ਗਾਰਾਂ ਦੀ ਤੁਲਨਾ ਵਿੱਚ ਘੱਟ ਆਕਰਸ਼ਕ ਹੈ, ਜਿਸਦੇ ਨਤੀਜੇ ਵਜੋਂ ਮਜ਼ਦੂਰੀ ਖਰਚ ਵਿੱਚ ਵਾਧਾ ਹੋ ਰਿਹਾ ਹੈ। ਖੇਤ ਵਹਾਈ ਦੌਰਾਨ ਚਾਲਕ ਵੱਲੋਂ ਟਰੈਕਟਰ ਚਲਾਉਣ ਵੇਲੇ ਅਕਸਰ ਗਲਤੀਆਂ ਹੁੰਦੀਆਂ ਹਨ, ਜਿਸ ਵਿੱਚ ਦੋਹਰ, ਪਾੜੇ ਛੱਡਣਾ, ਕਤਾਰਾਂ ਦੀ ਦੂਰੀ ਵਿੱਚ ਅਸਮਾਨਤਾ ਆਦਿ ਪ੍ਰਮੁੱਖ ਹਨ । ਇਸ ਨਾਲ ਸਾਧਨਾਂ ਦੀ ਬਰਬਾਦੀ, ਫਸਲ ਦੀ ਪੈਦਾਵਾਰ ਵਿੱਚ ਘਾਟ ਅਤੇ ਚਾਲਕ ਦੀ ਥਕਾਵਟ ਵਿਚ ਵਾਧਾ ਹੁੰਦਾ ਹੈ। ਖੇਤੀ ਦੇ ਕੰਮਾਂ ਨੂੰ ਸੌਖਾ ਬਣਾਉਣ ਲਈ ਅਤੇ ਓਪਰੇਟਰ ਦੀ ਸਹਾਇਤਾ ਲਈ ਆਪੇ ਚੱਲਣ ਵਾਲੀ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਟ੍ਰੈਕਟਰ ਲਈ ਆਟੋ-ਸਟੀਅਰਿੰਗ ਸਿਸਟਮ ਇਹਨਾਂ ਚੁਣੌਤੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਹੱਲ ਕਰ ਸਕਦਾ ਹੈ।

ਆਟੋ-ਸਟੀਅਰਿੰਗ ਸਿਸਟਮ ਇੱਕ ਜੀ ਐੱਨ ਐੱਸ ਐੱਸ ਅਧਾਰਿਤ ਨਿਰਦੇਸ਼ਤ ਤਕਨਾਲੋਜੀ ਹੈ ਜੋ ਸਟੀਕ ਸਟੀਅਰਿੰਗ ਨਿਯੰਤਰਣ ਨੂੰ ਬਣਾਈ ਰੱਖਦੀ ਹੈ। ਆਟੋ-ਸਟੀਅਰਿੰਗ ਸਿਸਟਮ ਟਰੈਕਟਰ-ਚਲਿੱਤ ਸੰਦਾਂ ਨੂੰ ਇੱਕ ਪੂਰਵਨਿਰਧਾਰਤ ਮਾਰਗ ਤੇ ਬਿਹਤਰ ਸੂਖਮਤਾ ਨਾਲ ਚਲਾਉਣ ਵਿੱਚ ਮਦਦ ਕਰਦਾ ਹੈ, ਪਾੜਿਆਂ/ਖੁੰਝੇ ਖੇਤਰ, ਦੋਹਰ ਅਤੇ ਖੇਤੀ ਕੰਮਾਂ ਦੌਰਾਨ ਲੋੜੀਂਦੇ ਗੇੜਿਆਂ ਦੀ ਗਿਣਤੀ ਨੂੰ ਘਟਾਉਂਦਾ ਹੈ। ਇਸ ਸਿਸਟਮ ਦੇ ਮੁੱਖ ਪੁਰਜ਼ਿਆਂ ਵਿੱਚ ਇੱਕ ਜੀ ਐਨ ਐੱਸ ਐੱਸ ਰਿਸੀਵਰ, ਆਈ ਐੱਸ ਓ ਬੀ ਯੂ ਐੱਸ -ਅਨੁਕੂਲ ਸੌਫਟਵੇਅਰ, ਇੱਕ ਸੰਵੇਦਨਸ਼ੀਲ ਟੱਚਸਕ੍ਰੀਨ ਕੰਸੋਲ, ਇੱਕ ਵ੍ਹੀਲ ਐਂਗਲ ਸੈਂਸਰ, ਅਤੇ ਮੋਟਰਾਈਜ਼ਡ ਸਟੀਅਰਿੰਗ ਸ਼ਾਮਲ ਹਨ। ਟ੍ਰੈਕਟਰ ਦਾ ਮੂਲ ਸਟੀਅਰਿੰਗ ਵੀਲ ਹਟਾਇਆ ਜਾਂਦਾ ਹੈ ਅਤੇ ਅਡਾਪਟਰ ਨਾਲ ਮੋਟਰਯੁਕਤ ਸਟੀਅਰਿੰਗ ਲਗਾਇਆ ਜਾਂਦਾ ਹੈ। ਟਰੈਕਟਰ ਅਤੇ ਇੰਪਲੀਮੈਂਟ ਦੇ ਮੁੱਖ ਮਾਪ ਪਹਿਲਾਂ ਹੀ ਸਿਸਟਮ ਵਿੱਚ ਦਰਜ ਕੀਤੇ ਜਾਂਦੇ ਹਨ। ਇਸਦੇ ਨਾਲ ਨਾਲ, ਖੇਤ ਦੀ ਸੀਮਾ ਦਰਸਾਉਂਦੇ ਕੋਆਰਡੀਨੇਟ ਪਹਿਲਾਂ ਤੈਅ ਕੀਤੇ ਜਾਂਦੇ ਹਨ। ਇਸ ਲਈ, ਟ੍ਰੈਕਟਰ ਨੂੰ ਖੇਤ ਦੀ ਸਰਹੱਦ ਦੇ ਚਾਰੋਂ ਕੋਣਾਂ ਤੇ ਘੁਮਾਇਆ ਜਾਂਦਾ ਹੈ ਅਤੇ ਖੇਤ ਦੇ ਚਾਰ ਕੋਣਾਂ ਨੂੰ ਏ, ਬੀ, ਸੀ ਅਤੇ ਡੀ ਵੱਜੋਂ ਚਿੰਨ੍ਹਿਤ ਕੀਤਾ ਜਾਂਦਾ ਹੈ। ਸਿਸਟਮ ਖੇਤ ਦੇ ਖੇਤਰਫਲ ਨੂੰ ਆਪ ਹੀ ਸੈੱਟ ਕਰ ਲੈਂਦਾ ਹੈ ਅਤੇ ਟਰੈਕਟਰ ਅਤੇ ਇੰਪਲੀਮੈਂਟ ਦੀ ਜਿਓਮੈਟਰੀ ਦੇ ਅਨੁਸਾਰ ਮੋੜਾਂ ਦੀ ਗਿਣਤੀ ਦਾ ਹਿਸਾਬ ਲਗਾ ਲੈਂਦਾ ਹੈ। ਟਰੈਕਟਰ ਤੇ ਇੱਕ ਸਵਿੱਚ ਦਿੱਤਾ ਗਿਆ ਹੈ ਜਿਸ ਨਾਲ ਟਰੈਕਟਰਾਂ ਨੂੰ ਚਲਾਉਣ ਲਈ ਸੂਖਮ ਆਟੋ-ਸਟੀਅਰਿੰਗ ਸਿਸਟਮ ਅਸੀਮ ਵਰਮਾ ਅਤੇ ਮਨਜੀਤ ਸਿੰਘ ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ ਡਰਾਈਵਰ ਆਟੋ-ਸਟੀਅਰਿੰਗ ਸਿਸਟਮ ਨੂੰ ਚਾਲੂ ਜਾਂ ਬੰਦ ਕਰ ਸਕਦਾ ਹੈ । ਜਦੋਂ ਇਹ ਸਵਿੱਚ ਚਾਲੂ ਕੀਤਾ ਜਾਂਦਾ ਹੈ, ਆਟੋ-ਸਟੀਅਰਿੰਗ ਸਿਸਟਮ ਟਰੈਕਟਰ ਦੇ ਸਟੀਅਰਿੰਗ ਨੂੰ ਸੰਭਾਲ ਲੈਂਦਾ ਹੈ ਅਤੇ ਜਦੋਂ ਸਵਿੱਚ ਬੰਦ ਕੀਤਾ ਜਾਂਦਾ ਹੈ, ਸਟੀਅਰਿੰਗ ਮੁੜ ਰਵਾਇਤੀ ਮੈਨੂਅਲ ਸਟੀਅਰਿੰਗ ਬਣ ਜਾਂਦਾ ਹੈ। ਟਰੈਕਟਰ ਦੀ 12 ਵੋਲਟ ਬੈਟਰੀ ਸਿਸਟਮ ਦੇ ਵੱਖ ਵੱਖ ਹਿੱਸਿਆਂ ਨੂੰ ਚੱਲਾਉਣ ਲਈ ਪਾਵਰ ਸਰੋਤ ਵਜੋਂ ਵਰਤੀ ਜਾਂਦੀ ਹੈ।

ਖੇਤਰ ਅਜ਼ਮਾਇਸ਼ਾਂ ਵਿੱਚ ਪਾਇਆ ਗਿਆ ਕਿ ਟਰੈਕਟਰ ਨੂੰ ਮੈਨੂਅਲ ਸਟੀਅਰਿੰਗ ਨਾਲ ਚਲਾਉਣ ਤੇ, ਵੱਖ ਵੱਖ ਵਾਹੀ ਅਤੇ ਬਿਜਾਈ ਵਾਲੀਆਂ ਮਸ਼ੀਨਾਂ ਲਈ ਔਸਤ ਓਵਰਲੈਪ ਖੇਤਰ (ਲਾਈਨਾਂ ਵਿੱਚ) 3-12% ਸੀ, ਜਦ ਕਿ ਆਟੋਸਟੀਅਰਿੰਗ ਸਿਸਟਮ ਨਾਲ, ਔਸਤ ਓਵਰਲੈਪ ਖੇਤਰ ਲਗਭਗ 15 ਰਹਿ ਗਿਆ। ਮੈਨੂਅਲ ਸਟੀਅਰਿੰਗ ਨਿਯੰਤਰਣ ਵਿੱਚ ਇਹਨਾਂ ਮਸ਼ੀਨਾਂ ਨਾਲ ਖੁੰਝਿਆ ਖੇਤਰ (ਲਾਈਨਾਂ ਵਿੱਚ) 2.0-7.0% ਸੀ, ਪਰੰਤੂ ਜਦੋਂ ਇਹਨਾਂ ਮਸ਼ੀਨਾਂ ਨੂੰ ਆਟੋ-ਸਟੀਅਰਿੰਗ ਸਿਸਟਮ ਵਾਲੇ ਟਰੈਕਟਰ ਨਾਲ ਚਲਾਇਆ ਗਿਆ ਤਾਂ ਖੁੰਝਿਆ ਖੇਤਰ 15 ਤੋਂ ਘੱਟ ਸੀ। ਆਟੋ-ਸਟੀਅਰਿੰਗ ਸਿਸਟਮ ਨਾਲ ਪਾਸ ਤੋਂ ਪਾਸ ਦੀ ਸਹੀਤਾ ±3 ਸੈ.ਮੀ. ਤੱਕ ਰਹਿੰਦੀ ਹੈ। ਸਿਸਟਮ ਟਰੈਕਟਰ ਚਾਲਕਾਂ ਨੂੰ ਖੇਤ ਦਾ ਕੰਮ ਬਿਲਕੁਲ ਸਹੀ ਤਰੀਕੇ ਨਾਲ ਕਰਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਇਨਪੁੱਟ ਸਰੋਤਾਂ ਦੀ ਘੱਟੋ ਘੱਟ ਬਰਬਾਦੀ ਹੁੰਦੀ ਹੈ, ਵਧੇਰੇ ਕੰਮ ਦੇ ਘੰਟੇ ਮਿਲਦੇ ਹਨ ਅਤੇ ਉਤਪਾਦਨਸ਼ੀਲਤਾ ਵਿਚ ਸੁਧਾਰ ਆ ਸਕਦਾ ਹੈ। ਇਸ ਨਾਲ ਚਾਲਕ ਦੀ ਥਕਾਨ ਵੀ ਘਟਦੀ ਹੈ, ਜੋ ਉਸਨੂੰ ਇੰਪਲੀਮੈਂਟ ਪ੍ਰਬੰਧਨ ਤੇ ਜ਼ਿਆਦਾ ਧਿਆਨ ਦੇਣ ਦੀ ਸਹੂਲਤ ਦਿੰਦੀ ਹੈ। ਇਸ ਤੋਂ ਇਲਾਵਾ, ਸਮਾਂਤਰ ਬਿਜਾਈ ਦੀਆਂ ਲਾਈਨਾਂ ਅਗਲੇ ਮਕੈਨਿਕਲ ਇੰਟਰਕਲਚਰ ਅਤੇ ਵਾਢੀ ਦੇ ਕਾਰਜਾਂ ਨੂੰ ਆਸਾਨ ਬਣਾਉਂਦੀਆਂ ਹਨ।

ਅਸੀਮ ਵਰਮਾ ਅਤੇ ਮਨਜੀਤ ਸਿੰਘ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ
ਮੋਬਾਇਲ:94171-89222

# ਸ਼ਹਿਰੀ ਜਾਂ ਅਰਧ ਸ਼ਹਿਰੀ ਇਲਾਕੇ ਵਿੱਚ ਘਰੇਲੂ ਬਗੀਚੀ ਉਗਾਓ

**ਘਰੇਲੂ ਬਗੀਚੀ ਦਾ ਮਾਡਲ (ਸ਼ਹਿਰੀ ਜਾ ਅਰਧ ਸ਼ਹਿਰੀ ਇਲਾਕੇ ਲਈ)**

ਸਬਜ਼ੀਆਂ ਦੇ ਪੌਸ਼ਟਿਕ ਬਗੀਚੇ ਦੀ ਬਣਤਰ ਇੱਕ ਬਹੁ-ਕਤਾਰ ਅਤੇ ਬਹੁ ਪੱਧਰੀ ਨਮੂਨੇ ਦੀ ਤਰ੍ਹਾਂ ਹੈ। ਜਿਸ ਦਾ ਅਕਾਰ ਗੁੰਬਦ ਵਰਗਾ ਹੈ ਅਤੇ ਇਸ ਦੀ ਕੇਂਦਰੀ ਉਚਾਈ 2.2 ਮੀਟਰ ਅਤੇ ਪਾਸਿਆਂ ਤੋਂ ਉੱਚਾਈ 1.9 ਮੀਟਰ ਹੈ। ਇਸ ਨਮੂਨੇ ਦਾ ਕੁੱਲ ਖੇਤਰਫਲ 14.3 ਵਰਗ ਮੀਟਰ ਹੈ। ਪੀ.ਵੀ.ਸੀ. ਫਾਇਬਰ ਦੇ 10 ਡੂੰਘੇ ਅਤੇ ਛੇ ਘੱਟ ਡੂੰਘੇ ਗਮਲੇ ਇਸ ਨਮੂਨੇ ਵਿੱਚ ਵਰਤੇ ਜਾਂਦੇ ਹਨ। ਹਰ ਗਮਲੇ ਦੀ ਲੰਬਾਈ 1.2 ਮੀਟਰ ਅਤੇ ਚੌੜਾਈ 0.4 ਮੀਟਰ ਹੈ। ਇਹ ਗਮਲੇ ਪੰਜ ਕਤਾਰਾਂ ਵਿੱਚ ਅਤੇ ਤਿੰਨ ਪੌੜੀਨੁਮਾ ਬਣਤਰ (0.13, 0.34 ਅਤੇ 0.73 ਮੀਟਰ ਉੱਚਾਈ ਉੱਤੇ) ਇਸ ਤਰ੍ਹਾਂ ਲਗਾਏ ਜਾਂਦੇ ਹਨ ਕਿ ਇਹ ਨਮੂਨਾ ਸ਼ਹਿਰੀ ਅਤੇ ਅਰਧ ਸ਼ਹਿਰੀ ਲੋਕਾਂ ਦੇ ਘਰਾਂ ਦੀਆਂ ਛੱਤਾਂ ਜਾਂ ਪਿਛਲੇ ਪਾਸੇ ਪੱਕੇ ਥਾਂ ਉੱਪਰ ਫਿੱਟ ਆ ਜਾਵੇ । ਇਸ ਨਮੂਨੇ ਦੀ ਛੱਤ ਨੂੰ ਯੂ.ਵੀ. ਪੋਲੀਥੀਨ ਸ਼ੀਟ ਨਾਲ ਢੱਕ ਦਿੱਤਾ ਜਾਂਦਾ ਹੈ ਅਤੇ ਇਸ ਨਮੂਨੇ ਦੀਆਂ ਕੰਧਾਂ ਭਾਵ ਸਾਇਡਾਂ ਨੂੰ ਕੀੜੇ-ਮਕੌੜੇ ਰੋਕਣ ਵਾਲੇ ਨੈੱਟ ਦੇ ਨਾਲ ਢੱਕਿਆ ਜਾਂਦਾ ਹੈ।ਇਸ ਨਮੂਨੇ ਨੂੰ ਅਜਿਹੀ ਜਗ੍ਹਾ ਤੇ ਲਗਾਉ ਜਿੱਥੇ ਘੱਟ ਤੋਂ ਘੱਟ ਛੇ ਘੰਟੇ ਸੂਰਜ ਦੀ ਰੌਸ਼ਨੀ ਪੈਂਦੀ ਹੋਵੇ।ਇਸ ਨਮੂਨੇ ਵਿੱਚ ਸਬਜ਼ੀਆਂ ਉਗਾਉਣ ਲਈ ਗਮਲਿਆਂ ਵਿੱਚ ਗਲੀ ਸੜੀ ਰੂੜ੍ਹੀ ਅਤੇ ਗੰਨੇ ਦੀ ਮੈਲ (ਗੰਨੇ ਦੀ ਫੈਕਟਰੀ ਦੀ ਰਹਿੰਦ-ਖੂੰਹਦ) ਬਰਾਬਰ ਮਾਤਰਾ ਵਿੱਚ ਰਲਾਉ। ਇਸ ਨਮੂਨੇ ਤੋਂ ਸਾਰੇ ਸਾਲ ਵੱਖ-ਵੱਖ 33 ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ ਜੋ ਕਿ ਇੱਕ ਪਰਿਵਾਰ ( ਦੋ ਜਵਾਨ ਅਤੇ ਦੋ ਬੱਚੇ) ਲਈ ਕਾਫੀ ਹਨ।(ਸਾਰਣੀ-1) ।

**ਸਾਰਣੀ 1: ਸਬਜ਼ੀਆਂ ਦਾ ਸਾਰਾ ਸਾਲ ਪੌਸ਼ਟਿਕ ਬਗੀਚੀ ਵਿੱਚ ਉਗਾਉਣ ਦਾ ਕੈਲੰਡਰ**

| | | | |
|---|---|---|---|
| ਟਮਾਟਰ<br>(ਨਵੰਬਰ-ਮਈ)<br>ਸਾਗ ਸਰ੍ਹੋਂ<br>(ਨਵੰਬਰ-ਫਰਵਰੀ)<br>ਮਟਰ<br>(ਸਤੰਬਰ-ਫਰਵਰੀ)<br>ਬੰਦ ਗੋਭੀ<br>(ਨਵੰਬਰ-ਮਾਰਚ)<br>ਗੋਭੀ<br>(ਅਕਤੂਬਰ-ਮਾਰਚ)<br>ਬਰੋਕਲੀ<br>(ਨਵੰਬਰ-ਫਰਵਰੀ)<br>ਚੀਨੀ ਗੋਭੀ<br>(ਨਵੰਬਰ-ਫਰਵਰੀ)<br>ਲੈਟਿਊਸ<br>(ਨਵੰਬਰ-ਫਰਵਰੀ)<br>ਕੇਲਾ<br>(ਨਵੰਬਰ-ਮਾਰਚ)<br>ਗਾਜਰ<br>(ਅਕਤੂਬਰ-ਫਰਵਰੀ) | ਭਿੰਡੀ<br>(ਜੂਨ-ਨਵੰਬਰ)<br>ਮਿਰਚ<br>(ਮਾਰਚ-ਅਕਤੂਬਰ)<br>ਬੈਂਗਣ<br>(ਮਾਰਚ-ਅਗਸਤ)<br>ਖੀਰਾ<br>(ਮਾਰਚ-ਜੂਨ)<br>ਭਿੰਡੀ<br>(ਮਾਰਚ-ਜੂਨ)<br>ਘੀਆ ਕੱਦੂ<br>(ਮਾਰਚ-ਜੂਨ)<br>ਕਰੇਲਾ<br>(ਮਾਰਚ-ਜੂਨ)<br>ਕਾਲੀ ਤੋਰੀ<br>(ਮਾਰਚ-ਜੂਨ)<br>ਚੱਪਣ ਕੱਦੂ<br>(ਮਾਰਚ-ਜੂਨ)<br>ਸ਼ਿਮਲਾ ਮਿਰਚ<br>(ਮਾਰਚ-ਜੂਨ) | ਟਮਾਟਰ<br>(ਜੁਲਾਈ-ਨਵੰਬਰ)<br>ਕਰੇਲਾ<br>(ਜੁਲਾਈ-ਅਕਤੂਬਰ)<br>ਕਾਲੀ ਤੋਰੀ<br>(ਜੁਲਾਈ-ਨਵੰਬਰ)<br>ਮੂਲੀ<br>(ਜੁਲਾਈ-ਅਕਤੂਬਰ)<br>ਘੀਆ ਕੱਦੂ<br>(ਜੁਲਾਈ-ਨਵੰਬਰ)<br>ਝਾੜ ਕਰੇਲਾ<br>(ਜੁਲਾਈ-ਨਵੰਬਰ)<br>ਚੁਲਾਈ<br>(ਜੁਲਾਈ-ਸਤੰਬਰ) | ਪੀ ਵੀ ਸੀ ਫਾਈਬਰ ਦੇ ਵੱਡੇ ਅਕਾਰ ਦੇ ਗਮਲੇ<br>(1.2 x 0.4 x 0.3 ਮੀ.) |
| ਮੂਲੀ/ਚੁਕੰਦਰ<br>(ਜੁਲਾਈ-ਜਨਵਰੀ) | ਲੋਬੀਆ<br>(ਫਰਵਰੀ-ਜੂਨ) | | |
| ਸ਼ਲਗਮ<br>(ਸਤੰਬਰ-ਜਨਵਰੀ)<br>ਪਾਲਕ<br>(ਸਾਰਾ ਸਾਲ)<br>ਮੇਥੀ<br>(ਸਾਰਾ ਸਾਲ)<br>ਮੇਥਾ/ਧਨੀਆ<br>(ਸਾਰਾ ਸਾਲ)<br>ਪੁਦੀਨਾ<br>(ਸਾਰਾ ਸਾਲ) | ਪਿਆਜ਼<br>(ਜਨਵਰੀ-ਮਈ) | ਲੋਬੀਆ<br>(ਜੂਨ-ਸਤੰਬਰ) | ਪੀ ਵੀ ਸੀ ਫਾਈਬਰ ਦੇ ਡੂੰਘੇ ਗਮਲੇ<br>(1.2 x 0.4 x 0.16 ਮੀ.) |

ਸੁਲੇਸ਼ ਕੁਮਾਰ ਜਿੰਦਲ ਅਤੇ ਦਿਲਪ੍ਰੀਤ ਤਲਵਾੜ, ਸਬਜ਼ੀ ਵਿਗਿਆਨ ਵਿਭਾਗ
ਮੋਬਾਇਲ: 89687-66600

# ਪਿਆਜ਼ ਅਤੇ ਲਸਣ ਵਿੱਚ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਕਿਵੇਂ ਕਰੀਏ?



ਪਿਆਜ਼ ਅਤੇ ਲਸਣ ਪੰਜਾਬ ਦੀਆਂ ਮੁੱਖ ਫ਼ਸਲਾਂ ਹਨ, ਜੋ ਨਾ ਸਿਰਫ਼ ਕਿਸਾਨਾਂ ਦੀ ਆਮਦਨ ਦਾ ਸਰੋਤ ਹਨ, ਸਗੋਂ ਘਰੇਲੂ ਖਪਤ ਅਤੇ ਅਨੇਕ ਲਾਭਕਾਰੀ ਗੁਣਾਂ ਕਰਕੇ ਵੀ ਬਹੁਤ ਮਹੱਤਵਪੂਰਨ ਹਨ। ਪਰ ਪਿਛਲੇ ਕੁਝ ਸਾਲਾਂ ਤੋਂ ਇਹਨਾਂ ਫ਼ਸਲਾਂ ਵਿੱਚ ਕਈ ਕੀੜਿਆਂ ਅਤੇ ਬਿਮਾਰੀਆਂ ਦੀ ਸਮੱਸਿਆ ਦਾ ਵਾਧਾ ਹੋ ਰਿਹਾ ਹੈ, ਜਿਸ ਨਾਲ ਪੈਦਾਵਾਰ ਤੇ ਮਾੜਾ ਅਸਰ ਹੁੰਦਾ ਹੈ।

**ਕੀੜਿਆਂ ਦੇ ਮੁੱਖ ਕਾਰਨ:**

ਪਿਆਜ਼ ਅਤੇ ਲਸਣ ਵਿੱਚ ਕੀੜੇ ਅਤੇ ਬਿਮਾਰੀਆਂ ਦੇ ਵੱਧਣ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਮੌਸਮੀ ਤਬਦੀਲੀ ਹੈ। ਤਾਪਮਾਨ ਵੱਧਣ ਅਤੇ ਨਮੀਂ ਵਿੱਚ ਅਸੰਤੁਲਨ ਨਾਲ ਕੀੜਿਆਂ ਦੀ ਗਿਣਤੀ ਤੇਜ਼ੀ ਨਾਲ ਵੱਧਦੀ ਹੈ। ਇਸ ਤੋਂ ਇਲਾਵਾ ਇੱਕੋ ਫਸਲ ਦੀ ਲਗਾਤਾਰ ਕਾਸ਼ਤ, ਅਸੰਤੁਲਿਤ ਖਾਦਾਂ ਦੀ ਵਰਤੋਂ, ਗਲਤ ਸਿੰਚਾਈ ਅਤੇ ਲੋੜ ਤੋਂ ਵੱਧ ਕੀਟਨਾਸ਼ਕਾਂ ਦੀ ਵਰਤੋਂ ਵੀ ਕੀੜੇ ਅਤੇ ਬਿਮਾਰੀਆਂ ਨੂੰ ਵਧਾਉਂਦੇ ਹਨ।

**ਰੋਕਥਾਮ:**

**ਥਰਿੱਪ (ਜੂੰ)**: ਇਹ ਕੀੜਾ ਫ਼ਰਵਰੀ ਤੋਂ ਮਈ ਤੱਕ ਭੂਕਾਂ ਦਾ ਰਸ ਚੂਸਦਾ ਹੈ, ਨਤੀਜੇ ਵੱਜੋਂ ਪੱਤੇ ਚਾਂਦੀ ਰੰਗੇ ਦਿੱਖਣ ਲੱਗ ਪੈਂਦੇ ਹਨ ਅਤੇ ਹੌਲੀ ਹੌਲੀ ਸੁੱਕ ਜਾਂਦੇ ਹਨ।

**ਪਿਆਜ਼ ਦੀ ਸੁੰਡੀ**: ਇਹ ਸੁੰਡੀ ਮਿੱਟੀ ਵਿੱਚ ਰਹਿ ਕੇ ਗੰਢਾਂ ਅਤੇ ਜੜ੍ਹਾਂ ਨੂੰ ਨੁਕਸਾਨ ਕਰਦੇ ਹਨ, ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਮਰ ਜਾਂਦੇ ਹਨ।

**ਬਿਮਾਰੀਆਂ ਦੇ ਮੁੱਖ ਕਾਰਨ**

**ਜਾਮਨੀ ਦਾਗ ਪੈਣਾ**- ਪੱਤਿਆਂ ਅਤੇ ਫੁੱਲਾਂ ਵਾਲੀ ਡੰਡੀ ਉੱਪਰ ਜਾਮਨੀ ਦਾਗ ਪੈ ਜਾਂਦੇ ਹਨ।

**ਪੀਲੇ ਧੱਬੇ**- ਬੀਜ ਵਾਲੀਆਂ ਡੰਡੀਆਂ ਉੱਪਰ ਤਕਰੀਬਨ ਗੋਲ ਧੱਬੇ ਪੈ ਜਾਂਦੇ ਹਨ, ਫਸਲ ਝੁਲਸੀ ਹੋਈ ਲੱਗਦੀ ਹੈ ਅਤੇ ਡੰਡੀਆਂ ਟੁੱਟ ਜਾਂਦੀਆ ਹਨ।

**ਰੋਕਥਾਮ**

1. ਥਰਿੱਪ ਦੀ ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫ਼ਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।
2. ਫਸਲ ਚੱਕਰ ਅਪਣਾਉ ਅਤੇ ਇੱਕੋ ਫਸਲ ਲਗਾਤਾਰ ਨਾ ਬੀਜੋ।
3. ਸੰਤੁਲਿਤ ਖਾਦਾਂ ਦੀ ਵਰਤੋਂ ਕਰੋ।
4. ਸਿਹਤਮੰਦ ਬੀਜ ਦੀ ਵਰਤੋਂ ਕਰੋ।
5. ਹਮਲੇ ਵਾਲੇ ਬੂਟੇ ਅਤੇ ਪੌਦਿਆਂ ਦੀ ਰਹਿੰਦ-ਖੂੰਹਦ ਨੂੰ ਇਕੱਠਾ ਕਰਕੇ ਨਸ਼ਟ ਕਰੋ।
6. ਰੋਗ ਰਹਿਤ ਬੀਜ ਦੀ ਵਰਤੋਂ ਕਰੋ। ਬਿਮਾਰੀਆਂ ਦੀ ਰੋਕਥਾਮ ਲਈ 300 ਗ੍ਰਾਮ ਕੇਵੀਅਟ 25 ਡਬਲਯੂ ਜੀ ਜਾਂ 600 ਗ੍ਰਾਮ ਇੰਡੋਫਿਲ ਐਮ-45 ਨੂੰ 220 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ।10 ਦਿਨਾਂ ਦੇ ਵਕਫੇ ਤੇ ਤਿੰਨ ਛਿੜਕਾਅ ਹੋਰ ਕਰੋ।

ਸੁਮਨ ਕੁਮਾਰੀ ਅਤੇ ਪ੍ਰਭਜੋਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ
ਮੋਬਾਇਲ: 62394-50418



# ਸਰਦੀਆਂ ਵਿੱਚ ਮੁਰਗੀਆਂ ਦੀ ਸੰਭਾਲ

ਸਰਦੀਆਂ ਵਿੱਚ ਜਦੋਂ ਤਾਪਮਾਨ ਕਾਫੀ ਘੱਟ ਜਾਂਦਾ ਹੈ ਤਾਂ ਮੁਰਗੀਆਂ ਵਿਚ ਭਾਰ ਦਾ ਘੱਟ ਵੱਧਣਾ, ਅੰਡੇ ਦੇ ਉਤਪਾਦਨ ਵਿੱਚ ਕਮੀ, ਪਾਣੀ ਪੀਣ ਦੀ ਮਾਤਰਾ ਵਿੱਚ ਕਮੀ, ਅੰਡੇ ਦੀ ਉਪਜਾਊ ਸ਼ਕਤੀ ਅਤੇ ਹੈਚੇਬਿਲਟੀ ਵਿੱਚ ਕਮੀ, ਮੌਤ ਦਰ ਵਿਚ ਵਾਧਾ ਆਦਿ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

- ਮੁਰਗੀਖਾਨੇ ਨੂੰ ਇਸ ਤਰ੍ਹਾਂ ਡਿਜ਼ਾਇਨ ਕੀਤਾ ਜਾਣਾ ਚਾਹੀਦਾ ਹੈ ਕਿ ਸਰਦੀਆਂ ਵਿੱਚ ਦਿਨ ਦੇ ਸਮੇਂ ਵੱਧ ਤੋਂ ਵੱਧ ਸੂਰਜ ਦੀ ਰੌਸ਼ਨੀ ਸ਼ੈਡ ਵਿੱਚ ਦਾਖਲ ਹੋਵੇ।ਇਸ ਲਈ ਲੰਬੇ ਧੁਰੇ ਤੋਂ ਸ਼ੈਡ ਦੀ ਦਿਸ਼ਾ ਪੂਰਬ-ਪੱਛਮ ਵੱਲ ਰੱਖਣੀ ਚਾਹੀਦੀ ਹੈ।
- ਪੰਛੀਆਂ ਨੂੰ ਠੰਡੀਆਂ ਹਵਾਵਾਂ ਤੋਂ ਬਚਾਉਣਾ ਚਾਹੀਦਾ ਹੈ, ਇਸ ਲਈ ਪੱਲੀਆਂ ਅਤੇ ਪਲਾਸਟਿਕ ਸ਼ੀਟਾਂ ਨੂੰ ਉਨ੍ਹਾਂ ਥਾਵਾਂ ਤੇ ਲਟਕਾਇਆ ਜਾਣਾ ਚਾਹੀਦਾ ਹੈ ਜਿੱਥੋਂ ਠੰਡੀ ਹਵਾ ਸ਼ੈਡ ਅੰਦਰ ਆਉਂਦੀ ਹੈ।
- ਪੰਛੀ ਆਪਣੇ ਸਾਹ ਅਤੇ ਵਿੱਠਾਂ ਵਿੱਚ ਬਹੁਤ ਜ਼ਿਆਦਾ ਨਮੀਂ ਛੱਡਦੇ ਹਨ ਜੋ ਉਨ੍ਹਾਂ ਦੀ ਸਿਹਤ ਤੇ ਮਾੜਾ ਪ੍ਰਭਾਵ ਪਾਉਂਦੇ ਹਨ, ਜੇਕਰ ਸੀਮਤ ਹਵਾਦਾਰੀ ਹੈ ਤਾਂ ਇਹ ਸ਼ੈਡ ਦੀ ਹਵਾ ਵਿੱਚ ਅਮੋਨੀਆ ਇਕੱਠਾ ਹੋਣ ਦਾ ਕਾਰਨ ਬਣਦੀ ਹੈ ਜਿਸ ਨਾਲ ਸਾਹ ਦੀਆਂ ਸਮੱਸਿਆਵਾਂ ਹੁੰਦੀਆਂ ਹਨ। ਸੋ ਪੰਛੀਆਂ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ।ਇਸ ਵਾਸਤੇ ਸਲਾਈਡਿੰਗ ਖਿੜਕੀਆਂ ਲਾਭਦਾਇਕ ਹਨ ਕਿਉਂਕਿ ਉਨ੍ਹਾਂ ਨੂੰ ਦਿਨ ਵੇਲੇ ਖੋਲਨਾ ਅਤੇ ਰਾਤ ਵੇਲੇ ਬੰਦ ਕਰਨਾ ਸੌਖਾ ਹੁੰਦਾ ਹੈ।
- ਸ਼ੈੱਡ ਅੰਦਰ ਚੰਗੀ ਗੁਣਵੱਤਾ ਵਾਲੀ ਸੁੱਕ ਇਕ 6-7 ਇੰਚ ਮੋਟੀ ਤਹਿ ਦੇ ਰੂਪ ਵਿਚ ਵਿਛਾਈ ਜਾਵੇ ਜਿਹੜੀ ਕਿ ਪੰਛੀਆਂ ਨੂੰ ਨਿਘ ਦੇਣ ਵਿਚ ਸਹਾਈ ਹੋਵੇ।ਸੁੱਕ ਨੂੰ ਸਹੀ ਰੱਖਣ ਲਈ ਉਪਰ ਥੱਲੇ ਕਰਦੇ ਰਹੋ ਅਤੇ ਸਰਦੀਆਂ ਵਿਚ ਹਫਤੇ ਬਾਅਦ ਸੁੱਕ ਨੂੰ ਬਦਲ ਦਿਉ।ਵਿਛਾਉਣਾ ਜਾਂ ਸੁੱਕ ਨੂੰ ਸੁੱਕੇ ਰੱਖਣ ਨਾਲ ਬਿਮਾਰੀਆਂ ਦੀ ਸੰਭਾਵਨਾ ਘੱਟ ਜਾਂਦੀ ਹੈ।ਵੱਖ ਵੱਖ ਉਮਰ ਦੇ ਚੂਚੇ ਅਤੇ ਮੁਰਗੀਆਂ ਨੂੰ ਵੱਖ ਰੱਖੋ।
- ਚੂਚੇ ਆਉਣ ਤੋਂ ਪਹਿਲਾਂ ਮੁਰਗੀਖਾਨੇ ਨੂੰ ਚੰਗੀ ਤਰ੍ਹਾਂ ਸਾਫ ਕਰਨਾ ਜ਼ਰੂਰੀ ਹੁੰਦਾ ਹੈ, ਜਰਾਸੀਮਾਂ ਦੀ ਗਿਣਤੀ ਨੂੰ ਕਾਬੂ ਕਰਨ ਲਈ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਸਰਦੀਆਂ ਵਿਚ ਸੁੱਕੀ ਸਫਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ।ਆਸੇ ਪਾਸੇ ਦਾ ਸਾਫ ਵਾਤਾਵਰਣ ਅਤੇ ਲਗਾਤਾਰ ਸਫਾਈ ਰੱਖਣ ਨਾਲ ਰੋਗਾਂ ਦੇ ਪਰਕੋਪ ਨੂੰ ਘਟਾਇਆ ਜਾ ਸਕਦਾ ਹੈ।ਇਸ ਲਈ ਮੁਰਗੀਖਾਨੇ ਵਿਚਲੇ ਬਰਤਨ ਅਤੇ ਹੋਰ ਸਮਾਨ ਆਦਿ ਬਿਲਕੁਲ ਸਾਫ ਰੱਖੋ ਅਤੇ ਅਕਸਰ ਮੁਰਗੀਖਾਨੇ ਦੀ ਸਫਾਈ ਕਰਵਾਉਂਦੇ ਰਹੋ।
- ਪੋਲਟਰੀ ਸ਼ੈਡ ਵਿੱਚ ਗਰਮੀ ਬਣਾਈ ਰੱਖਣ ਲਈ ਰਵਾਇਤੀ ਬੁਖਾਰੀ ਜਾਂ ਹੀਟਰ ਲਗਾਉਣੇ ਜ਼ਰੂਰੀ ਹਨ।ਸਰਦੀਆਂ ਵਿਚ ਸ਼ੈਡ ਅੰਦਰ ਰੌਸ਼ਨੀ ਦਾ ਪ੍ਰਬੰਧ ਵੀ ਜ਼ਰੂਰੀ ਹੈ ਕਿਉਂਕਿ ਪੰਛੀਆਂ ਨੂੰ 16 ਘੰਟੇ ਦੀ ਰੌਸ਼ਨੀ ਚਾਹੀਦੀ ਹੈ ਅਤੇ 200 ਵਾਟ ਦੇ ਬੱਲਬਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ।
- ਪੰਛੀਆਂ ਨੂੰ ਸੰਤੁਲਿਤ ਅਤੇ ਸਿਹਤਮੰਦ ਫੀਡ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।ਕਿਉਂਕਿ ਘੱਟ ਤਾਪਮਾਨ ਵਧੇਰੇ ਖੁਰਾਕ ਦੀ ਮਾਤਰਾ ਅਤੇ ਵੱਧ ਆਕਸੀਜਨ ਦੀ ਮੰਗ ਦਾ ਕਾਰਨ ਬਣਦਾ ਹੈ।
- ਖੁਰਾਕ ਨੂੰ ਸੁੱਕੀ ਜਗ੍ਹਾ ਵਿਚ ਸਟੋਰ ਕਰੋ ਤਾਂ ਜੋ ਇਹ ਨਮੀਂ ਦੇ ਸੰਪਰਕ ਵਿਚ ਨਾ ਆਵੇ।
- ਸਰਦੀਆਂ ਵਿਚ ਪੰਛੀਆਂ ਨੂੰ ਫੈਟ/ਚਰਬੀ ਨਾਲ ਭਰਪੂਰ ਖੁਰਾਕ ਪ੍ਰਦਾਨ ਕਰੋ।ਸਰਦੀਆਂ ਵਿੱਚ ਗਰਮੀਆਂ ਦੇ ਮੁਕਾਬਲੇ ਫੀਡਰਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ ਅਤੇ ਸਾਰਾ ਦਿਨ ਫੀਡ ਉਪਲੱਬਧ ਹੋਣੀ ਚਾਹੀਦੀ ਹੈ।
- ਸਰਦੀਆਂ ਦੇ ਮੌਸਮ ਵਿਚ ਪੰਛੀ ਪਾਣੀ ਘੱਟ ਲੈਂਦੇ ਹਨ ਸੋ ਧਿਆਨ ਦਿਉ ਕਿ ਤਾਜ਼ੇ ਪਾਣੀ ਦੀ ਸਪਲਾਈ ਬਣੀ ਰਹੇ ਅਤੇ ਜੇ ਪਾਣੀ ਠੰਡਾ ਹੈ ਤਾਂ ਉਸਨੂੰ ਗਰਮ ਜਾਂ ਨਿੱਘਾ ਕਰ ਦੇਣਾ ਚਾਹੀਦਾ ਹੈ।ਬਹੁਤ ਸਾਰੇ ਟੀਕੇ/ਵੈਕਸੀਨ, ਦਵਾਈਆਂ ਅਤੇ ਵਿਟਾਮਿਨ ਪਾਣੀ ਰਾਹੀਂ ਮੁਰਗੀਆਂ ਨੂੰ ਦਿੱਤੇ ਜਾਂਦੇ ਹਨ।ਕਿਉਂਕਿ ਸਰਦੀਆਂ ਦੇ ਮੌਸਮ ਵਿਚ ਪੰਛੀਆਂ ਦੀ ਪਾਣੀ ਦੀ ਖਪਤ ਘੱਟਦੀ ਹੈ, ਸੋ ਪਾਣੀ ਦੀ ਦਵਾਈ ਤੋਂ ਕੁਝ ਘੰਟੇ ਪਹਿਲਾਂ ਪਾਣੀ ਵਾਲੇ ਬਰਤਨ ਹਟਾ ਦਿਉ।ਫਿਰ ਦਵਾਈ ਅਤੇ ਟੀਕਾ ਘੱਟ ਪਾਣੀ ਵਿਚ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਪੰਛੀ ਸਾਰਾ ਪਾਣੀ ਪੀ ਲੈਣ ਅਤੇ ਹਰੇਕ ਪੰਛੀ ਨੂੰ ਦਵਾਈ ਅਤੇ ਹੋਰ ਪੂਰਕਾਂ ਦਾ ਲਾਭ ਮਿਲ ਸਕੇ।
- ਪੰਛੀਆਂ ਦੀ ਟੀਕਾਕਰਣ ਸਥਿਤੀ ਦਾ ਵੀ ਧਿਆਨ ਰੱਖੋ ਅਤੇ ਲੋੜ ਪੈਣ ਤੇ ਜ਼ਰੂਰੀ ਟੀਕਾਕਰਨ ਕਰੋ।ਜੇ ਪੰਛੀ ਬਿਮਾਰ ਹੋ ਜਾਂਦੇ ਹਨ ਤਾਂ ਸਥਾਨਕ ਪਸ਼ੂਆਂ ਦੇ ਡਾਕਟਰ ਨਾਲ ਸੰਪਰਕ ਕਰੋ।

ਮਧੂ ਸ਼ੈਲੀ ਅਤੇ ਗੁਰਅੰਸ਼ਪ੍ਰੀਤ ਸੇਠੀ, ਡਾਇਰੈਕਟੋਰੇਟ ਪਸਾਰ ਸਿੱਖਿਆ
ਮੋਬਾਇਲ: 96434-42427



# ਮੈਂਥੇ ਦੀ ਸਫਲ ਕਾਸ਼ਤ ਲਈ ਉੱਨਤ ਤਕਨੀਕਾਂ ਅਪਣਾਓ

ਮੈਂਥਾ ਇੱਕ ਮਹੱਤਵਪੂਰਨ ਫ਼ਸਲ ਹੈ, ਜੋ ਭਾਰਤ ਦੇ ਉਤਰੀ ਹਿੱਸਿਆਂ ਵਿੱਚ ਉਗਾਈ ਜਾਂਦੀ ਹੈ।ਇਸ ਦੇ ਪੱਤਿਆਂ ਤੋਂ ਇੱਕ ਜ਼ਰੂਰੀ ਤੇਲ ਮਿਲਦਾ ਹੈ, ਜਿਸ ਵਿੱਚ ਮੈਨਥੋਲ ਹੁੰਦੀ ਹੈ।ਮੈਂਥਾ ਪ੍ਰਚਲਿਤ ਝੋਨੇ-ਕਣਕ ਦੀ ਫ਼ਸਲੀ ਪ੍ਰਣਾਲੀ ਵਿੱਚ ਵਿਭਿੰਨਤਾ ਵਾਲੀ ਫ਼ਸਲ ਵਜੋਂ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ।ਮੈਂਥੋਲ ਮਿੰਟ ਦੀਆਂ ਮਹੱਤਵਪੂਰਨ ਕਿਸਮਾਂ ਜਿਵੇਂ ਕਿ ਸਿਮ-ਉੱਨਤੀ, ਸਿਮ-ਕ੍ਰਾਂਤੀ ਅਤੇ ਕੋਸੀ ਦੀ ਪੰਜਾਬ ਵਿੱਚ ਵਪਾਰਕ ਕਾਸ਼ਤ ਲਈ ਸਿਫਾਰਸ਼ ਕੀਤੀ ਜਾਂਦੀ ਹੈ। ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

**ਸਿਮ-ਉੱਨਤੀ**: ਇਹ ਮੈਂਥੋਲ ਮਿੰਟ (ਮੈਂਥਾ ਆਰਵੈਨਸਿਜ਼) ਦੀ ਇੱਕ ਵਧੇਰੇ ਤੇਲ (0.81- 0.83%) ਅਤੇ ਝਾੜ ਦੇਣ ਵਾਲੀ ਕਿਸਮ ਹੈ ਜੋ ਅਖੀਰ ਜਨਵਰੀ ਤੋਂ ਅੱਧ ਫਰਵਰੀ ਤੱਕ ਬਿਜਾਈ ਲਈ ਢੁਕਵੀਂ ਹੈ। ਇਸ ਦਾ ਔਸਤ ਝਾੜ 113 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਬੀਜਣ ਤੋਂ 145 ਦਿਨਾਂ ਬਾਅਦ ਕਟਾਈ ਕਰਨ 'ਤੇ ਵੱਧ ਝਾੜ ਅਤੇ ਤੇਲ ਪੈਦਾ ਕਰਦੀ ਹੈ।

**ਸਿਮ-ਕ੍ਰਾਂਤੀ**: ਇਹ ਮੈਂਥੋਲ ਮਿੰਟ ਦੀ ਵੱਧ ਝਾੜ ਦੇਣ ਵਾਲੀ ਕਿਸਮ ਹੈ ਜੋ ਜਨਵਰੀ ਦੇ ਅੰਤ ਤੋਂ ਫਰਵਰੀ ਦੇ ਅੱਧ ਤੱਕ ਬੀਜਣ ਲਈ ਢੁਕਵੀਂ ਹੈ। ਇਸ ਦੀਆਂ ਜੜ੍ਹੀ ਬੂਟੀਆਂ ਵਿੱਚ ਤੇਲ ਹੁੰਦਾ ਹੈ, ਜੋ 0.6-0.7% ਤੱਕ ਹੁੰਦਾ ਹੈ।ਇਸਦਾ ਔਸਤਨ ਝਾੜ 110 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਹ ਬਿਜਾਈ ਤੋਂ 140-150 ਦਿਨਾਂ ਬਾਅਦ ਵਾਢੀ ਲਈ ਤਿਆਰ ਹੋ ਜਾਂਦੀ ਹੈ।

**ਕੋਸੀ**: ਇਹ ਮੈਂਥੋਲ ਮਿੰਟ ਦੀ ਇੱਕ ਉੱਚ ਉਪਜ ਦੇਣ ਵਾਲੀ ਕਿਸਮ ਵੀ ਹੈ। ਜੋ 0.6-0.7% ਦੀ ਤੇਲ ਸਮੱਗਰੀ ਦੇ ਨਾਲ 100-125 ਕੁਇੰਟਲ ਪ੍ਰਤੀ ਏਕੜ ਜੜੀ ਬੂਟੀਆਂ ਦਾ ਝਾੜ ਦਿੰਦੀ ਹੈ। ਬੀਜਣ ਤੋਂ 150 ਦਿਨਾਂ ਬਾਅਦ ਕਟਾਈ ਕਰਨ 'ਤੇ ਇਹ ਜੜੀ ਬੂਟੀਆਂ ਅਤੇ ਤੇਲ ਦਾ ਵੱਧ ਝਾੜ ਦਿੰਦੀ ਹੈ।

**ਮਿੱਟੀ ਦੀ ਕਿਸਮ**: ਉੱਚ ਜੈਵਿਕ ਮਾਦੇ ਵਾਲੀ ਅਤੇ ਚੰਗੀ ਤਰ੍ਹਾਂ ਨਿਕਾਸ ਵਾਲੀ ਮਿੱਟੀ ਮੈਂਥਾ ਦੀ ਕਾਸ਼ਤ ਲਈ ਬਹੁਤ ਢੁੱਕਵੀਂ ਹੈ। ਹਾਲਾਂਕਿ, ਤੇਜ਼ਾਬੀ, ਖਾਰੀ/ਖਾਰੀ ਮਿੱਟੀ ਮੈਂਥਾ ਕਾਸ਼ਤ ਲਈ ਅਨੁਕੂਲ ਨਹੀਂ ਹਨ। ਵਧੀਆ ਝਾੜ ਪ੍ਰਾਪਤ ਕਰਨ ਲਈ ਖੇਤ ਨੂੰ ਪਰਾਲੀ ਅਤੇ ਨਦੀਨਾਂ ਤੋਂ ਮੁਕਤ ਹੋਣਾ ਚਾਹੀਦਾ ਹੈ।

**ਬਿਜਾਈ ਦਾ ਸਮਾਂ:** ਮੈਂਥੇ ਦੀ ਬਿਜਾਈ ਅੱਧ ਜਨਵਰੀ ਤੋਂ ਅਖੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ ਅਤੇ ਪ੍ਰੰਤੂ ਕੋਸੀ, ਸਿਮ-ਕ੍ਰਾਂਤੀ ਅਤੇ ਸਿਮ-ਉੱਨਤ ਕਿਸਮ ਨੂੰ ਅੱਧ ਫਰਵਰੀ ਤੱਕ ਵੀ ਬੀਜਿਆ ਜਾ ਸਕਦਾ ਹੈ। ਪਿਛੇਤੀ ਹਾਲਤ ਵਿੱਚ, ਜੇਕਰ ਚੰਗੀਆਂ ਸਿੰਚਾਈ ਸਹੂਲਤਾਂ ਉਪਲੱਬਧ ਹੋਣ, ਤਾਂ ਇਸ ਦੀ ਪਨੀਰੀ ਰਾਹੀਂ ਬਿਜਾਈ ਅਪ੍ਰੈਲ ਵਿੱਚ ਵੀ ਕੀਤੀ ਜਾ ਸਕਦੀ ਹੈ।

**ਬਿਜਾਈ ਦਾ ਤਰੀਕਾ**: ਬਿਜਾਈ ਲਾਈਨਾਂ ਵਿੱਚ ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਕਰਨੀ ਚਾਹੀਦੀ ਹੈ । ਮੈਂਥੇ ਦੀਆਂ ਜੜ੍ਹਾਂ ਦੇ ਸਿਰਿਆਂ ਨੂੰ ਇੱਕ ਦੂਸਰੇ ਨਾਲ ਜੋੜ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ ।ਇਸ ਢੰਗ ਦੇ ਬਦਲ ਵਿੱਚ ਵਧੇਰੇ ਝਾੜ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ ਮੈਂਥੇ ਦੀ ਕਾਸ਼ਤ 67.5 ਸੈਂਟੀਮੀਟਰ ਚੌੜੇ ਬੈਂਡਾਂ ਤੇ 2 ਕਤਾਰਾਂ ਲਗਾ ਕੇ ਵੀ ਕੀਤੀ ਜਾ ਸਕਦੀ ਹੈ ਜਾਂ ਖੇਤ ਵਿੱਚ ਜੜਾਂ ਖਿਲਾਰ ਕੇ 60 ਸੈਂਟੀਮੀਟਰ ਚੌੜੀਆਂ ਵੱਟਾਂ ਬਨਾਈਆਂ ਜਾ ਸਕਦੀਆਂ ਹਨ । ਪਾਣੀ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਰੋਕਥਾਮ ਵਾਸਤੇ ਪ੍ਰਤੀ ਏਕੜ 24 ਕੁਇੰਟਲ ਝੋਨੇ ਦੀ ਪਰਾਲੀ ਖੇਤ ਵਿੱਚ ਪਾ ਦਿਓ ।

**ਅੰਤਰ ਫ਼ਸਲ** : ਜੇਕਰ ਮੈਂਥੇ ਅਤੇ ਪਿਆਜ਼ ਨੂੰ ਅੰਤਰ ਫ਼ਸਲ ਵਜੋਂ ਬੀਜਣਾ ਹੋਵੇ ਤਾਂ ਇਸ ਦੀ ਬਿਜਾਈ ਅੱਧ ਜਨਵਰੀ ਤੋਂ ਅਖ਼ੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਮੈਂਥੇ ਦੀਆਂ ਦੋ ਕਤਾਰਾਂ ਵਿਚਕਾਰ ਇੱਕ ਲਾਈਨ ਪਿਆਜ਼ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪਿਆਜ਼ਾ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 3 ਇੰਚ (7.5 ਸੈਂਟੀਮੀਟਰ) ਰੱਖਣਾ ਚਾਹੀਦਾ ਹੈ। ਕਮਾਦ ਵਿੱਚ ਮੈਂਥੇ ਦੀ ਬਿਜਾਈ ਲਈ ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਮਾਦ ਦੀਆਂ ਦੋ ਕਤਾਰਾਂ ਵਿੱਚ ਮੈਂਥੇ ਦੀ ਇੱਕ ਕਤਾਰ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ 1 ਕੁਇੰਟਲ ਮੈਂਥੇ ਦੀਆਂ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ। ਕਮਾਦ ਵਿੱਚ ਬੀਜੇ ਮੈਂਥੇ ਦੀ ਕੇਵਲ ਇੱਕ ਹੀ ਕਟਾਈ ਕਰਨੀ ਚਾਹੀਦੀ ਹੈ । ਜੇਕਰ ਮੈਂਥੇ ਨੂੰ ਸੂਰਜਮੁਖੀ ਵਿੱਚ ਬੀਜਣਾ ਹੋਵੇ ਤਾਂ ਅਖ਼ੀਰ ਜਨਵਰੀ ਵਿੱਚ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ ਮੈਂਥੇ ਦੀਆਂ 150 ਕਿਲੋ ਜੜ੍ਹਾਂ ਪ੍ਰਤੀ ਏਕੜ ਦੀ ਜ਼ਰੂਰਤ ਪੈਂਦੀ ਹੈ। ਸੂਰਜਮੁਖੀ ਦੀ ਉੱਤਰ ਦੱਖਣ ਦੀ ਦਿਸ਼ਾ ਵੱਲ ਲਾਈਨਾਂ ਵਿੱਚ 4 ਫੁੱਟ (120 ਸੈਂਟੀਮੀਟਰ) ਦੀ ਵਿੱਥ ਤੇ ਬਿਜਾਈ ਕਰਨੀ ਚਾਹੀਦੀ ਹੈ ਅਤੇ ਬੂਟੇ ਦਾ ਫਾਸਲਾ ਅੱਧਾ ਫੁੱਟ (15 ਸੈਂਟੀਮੀਟਰ) ਰੱਖਣਾ ਚਾਹੀਦਾ ਹੈ । ਸੂਰਜਮੁਖੀ ਦੀਆਂ ਦੋ ਲਾਈਨਾਂ ਵਿਚਕਾਰ ਮੈਂਥੇ ਦੀਆਂ ਦੋ ਲਾਈਨਾਂ ਦੀ ਬਿਜਾਈ ਕਰਨੀ ਚਾਹੀਦੀ ਹੈ ।

**ਮੈਂਥੇ ਵਿੱਚੋਂ ਤੇਲ ਕੱਢਣਾ:** ਫ਼ਸਲ ਦੀ ਕਟਾਈ ਉਪਰੰਤ ਪਾਣੀ ਦੀ ਮਾਤਰਾ ਘੱਟ ਕਰਨ ਲਈ ਫ਼ਸਲ ਨੂੰ ਇੱਕ ਰਾਤ ਰੱਖ ਕੇ ਕੁਮਲਾਉਣ ਦੇਣਾ ਚਾਹੀਦਾ ਹੈ। ਮੈਂਥੇ ਵਿੱਚੋਂ ਭਾਫ ਵਾਲੇ ਢੰਗ ਨਾਲ ਕਸ਼ੀਦ ਕਰਕੇ ਤੇਲ ਕੱਢਿਆ ਜਾ ਸਕਦਾ ਹੈ। ਕਸ਼ੀਦਣ ਵਿਧੀ ਰਾਹੀਂ ਤੇਲ ਕੱਢਣ ਲਈ ਪ੍ਰਾਈਵੇਟ ਪਲਾਂਟ ਵੀ ਲੱਗੇ ਹੋਏ ਹਨ ਜਿਨ੍ਹਾਂ ਰਾਹੀਂ ਕਿਸਾਨ ਆਪਣੀ ਫ਼ਸਲ ਦਾ ਤੇਲ ਕੱਢਵਾ ਸਕਦੇ ਹਨ। ਕਿਸਾਨ ਵੀਰਾਂ ਨੂੰ ਮੈਂਥੇ ਦੀ ਕਾਸ਼ਤ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਨੇੜੇ-ਤੇੜੇ ਤੇਲ ਕੱਢਣ ਵਾਲਾ ਪਲਾਂਟ ਜਰੂਰ ਲੱਗਿਆ ਹੋਵੇ ਜਿੱਥੇ ਤੇਲ ਕੱਢਿਆ ਜਾ ਸਕੇ।

ਰਜਿੰਦਰ ਕੁਮਾਰ ਅਤੇ ਵਜਿੰਦਰ ਪਾਲ ਕਾਲੜਾ, ਸਕੂਲ ਆਫ ਔਰਗੈਨਿਕ ਫਾਰਮਿੰਗ
ਮੋਬਾਇਲ: 99880-99124

# ਸ. ਲਖਵੀਰ ਸਿੰਘ - ਡੇਅਰੀ ਫਾਰਮਿੰਗ ਸਿਖਿਆਰਥੀ ਤੋਂ ਡੇਅਰੀ ਫ਼ਾਰਮਿੰਗ ਆਗੂ ਤੱਕ

ਸਾਲ 2005 ਵਿੱਚ, ਸ. ਲਖਵੀਰ ਸਿੰਘ, ਵਸਨੀਕ ਪਿੰਡ ਫਤਿਹਗੜ੍ਹ ਵੀਰਾਨ, ਜ਼ਿਲ੍ਹਾ ਰੋਪੜ, ਬੇਰੁਜ਼ਗਾਰੀ ਦੀ ਹਤਾਸ਼ਾ ਅਤੇ ਸਵੈ ਰੋਜ਼ਗਾਰ ਦੀ ਉਤਸੁਕਤਾ ਨਾਲ ਕ੍ਰਿਸ਼ੀ ਵਿਗਿਆਨ ਕੇਂਦਰ (ਕੇਵੀਕੇ) ਰੋਪੜ ਵਿੱਚ ਦਾਖਲ ਹੋਇਆ। ਉਸਨੇ ਡੇਅਰੀ ਫਾਰਮਿੰਗ ਦੀ ਸਿਖਲਾਈ ਵਿੱਚ ਦਾਖਲਾ ਲਿਆ, ਅਤੇ ਮਾਹਿਰਾਂ ਦੇ ਮਾਰਗਦਰਸ਼ਨ ਅਤੇ ਸਖ਼ਤ ਮਿਹਨਤ ਨਾਲ, ਲਖਵੀਰ ਸਿੰਘ ਨੇ ਆਪਣੇ ਫ਼ਾਰਮ ਨੂੰ ਰਵਾਇਤੀ ਤਰੀਕਿਆਂ ਤੋਂ ਇੱਕ ਆਧੁਨਿਕ, ਵਿਗਿਆਨਕ ਅਕਾਰ ਦੇਣਾ ਸ਼ੁਰੂ ਕੀਤਾ।

ਸਾਲਾਂ ਦੀ ਮਿਹਨਤ ਸਦਕਾ, ਉਸਦਾ ਡੇਅਰੀ ਉਦਮ ਇੱਕ ਮਾਡਲ ਯੂਨਿਟ ਬਣ ਗਿਆ ਹੈ ਜੋ ਦੂਜਿਆਂ ਨੂੰ ਪ੍ਰੇਰਿਤ ਕਰਦਾ ਹੈ। ਅੱਜ, ਉਹ ਬਾਰਾਂ ਵੱਛੀਆਂ ਦੇ ਨਾਲ-ਨਾਲ ਬੱਤੀ ਹੌਲਸਟੀਅਨ ਫਰੀਜ਼ੀਅਨ ਡੇਅਰੀ ਜਾਨਵਰਾਂ ਦਾ ਸਫਲ ਪ੍ਰਬੰਧਨ ਕਰਦਾ ਹੈ। ਉਸਦਾ ਫ਼ਾਰਮ ਖੁੱਲ੍ਹਾ ਅਤੇ ਬੰਦ ਰਿਹਾਇਸ਼ ਪ੍ਰਣਾਲੀ ਨਾਲ ਤਿਆਰ ਕੀਤਾ ਗਿਆ ਹੈ, ਜੋ ਝੁੰਡ ਲਈ ਆਰਾਮ ਅਤੇ ਸਿਹਤ ਨੂੰ ਯਕੀਨੀ ਬਣਾਉਂਦਾ ਹੈ। ਇੱਕ ਪਸ਼ੂ ਲਈ ਕੁੱਲ 150 ਫੁੱਟ ਥਾਂ ਉਪਲੱਬਧ ਹੈ। ਉਸਨੇ ਮਸ਼ੀਨਾਂ ਨਾਲ ਦੁੱਧ ਚੋਣ ਦੀ ਤਕਨੀਕ ਨੂੰ ਅਪਣਾਇਆ ਹੈ, ਜੋ ਨਾ ਸਿਰਫ਼ ਸਮਾਂ ਬਚਾਉਂਦਾ ਹੈ ਬਲਕਿ ਸਾਫ਼-ਸੁਥਰੇ ਦੁੱਧ ਇਕੱਠਾ ਕਰਨ ਦੀ ਗਰੰਟੀ ਵੀ ਦਿੰਦਾ ਹੈ। ਗੁਣਵੱਤਾ ਬਣਾਈ ਰੱਖਣ ਲਈ, ਉਸਨੇ ਇੱਕ ਬਲਕ ਮਿਲਕ ਚਿਲਰ ਵੀ ਲਗਾਇਆ ਹੋਇਆ ਹੈ। ਫੌਗਰ ਖੁਸ਼ਕ ਗਰਮੀਆਂ ਦੌਰਾਨ ਰਾਹਤ ਪ੍ਰਦਾਨ ਕਰਦੇ ਹਨ। ਫੀਡ ਪ੍ਰਬੰਧਨ ਵਿੱਚ ਉਸਦੀ ਦੂਰਦਰਸ਼ਤਾ ਦੋ ਸਾਈਲੋ ਪਿੱਟਾਂ ਰਾਹੀਂ ਜ਼ਾਹਰ ਹੁੰਦੀ ਹੈ। ਉਸ ਕੋਲ 40x25x6 ਫੁੱਟ, ਦੇ ਦੋ ਪਿੱਟ ਹਨ ਜੋ ਕਿ ਸਾਲ ਭਰ ਪੋਸ਼ਣ ਲਈ ਸਾਈਲੇਜ ਸਟੋਰ ਕਰਦੇ ਹਨ। ਆਪਣੀ ਵਿਗਿਆਨਕ ਸੋਚ ਨੂੰ ਸਿੱਧ ਕਰਦਿਆਂ ਉਸਨੇ ਇੱਕ ਬਾਇਓਗੈਸ ਪਲਾਂਟ ਵੀ ਲਾਇਆ ਹੈ ਜਿਸ ਨਾਲ ਉਹ ਫਾਰਮ ਦੀ ਰਹਿੰਦ-ਖੂੰਹਦ ਨੂੰ ਨਵਿਆਉਣਯੋਗ ਊਰਜਾ ਵਿੱਚ ਬਦਲਦਾ ਹੈ, ਜਿਸ ਨਾਲ ਬਾਹਰੀ ਬਾਲਣ ਸਰੋਤਾਂ 'ਤੇ ਨਿਰਭਰਤਾ ਘੱਟ ਜਾਂਦੀ ਹੈ।

## ਖੁਰਾਕੀ ਪ੍ਰਬੰਧਨ

| ਖੁਰਾਕੀ ਅੰਸ਼ | ਸ੍ਰੋਤ | ਖੁਆਉਣ ਦਾ ਸਮਾਂ |
|---|---|---|
| ਹਰਾ ਚਾਰਾ | ਸਾਈਲੇਜ+ਹਰਾ ਚਾਰਾ | ਸਾਰਾ ਸਾਲ |
| ਸੁੱਕਾ ਚਾਰਾ | ਤੂੜੀ ਅਤੇ ਪਰਾਲੀ | ਸਾਰਾ ਸਾਲ |
| ਮਿਨਰਲ ਮਿਕਸਚਰ | ਮਾਰਕੀਟ ਅਤੇ ਯੁਨੀਵਰਸਿਟੀ | ਸਾਰਾ ਸਾਲ |
| ਵੰਡ | ਮਾਰਕੀਟ ਫੀਡ ਅਤੇ ਆਪ ਤਿਆਰ ਕੀਤੀ,(ਦੋਹੇ) | ਸਾਰਾ ਸਾਲ |
| ਕਾਫ ਸਟਾਟਰ | ਮਾਰਕੀਟ | ਪਹਿਲੇ ਚਾਰ ਮਹੀਨੇ ਤੱਕ |
| ਸਪਲੀਮੈਂਟ | ਬਾਈਪਾਸ ਫੈਟ | ਟ੍ਰਾਂਜ਼ੀਸ਼ਨ ਪੀਰੀਅਡ ਦੌਰਾਨ |

ਉਸਦੀ ਯਾਤਰਾ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਆਰਟੀਫੀਸ਼ੀਅਲ ਇਨਸੈਮੀਨੇਸ਼ਨ (AI) ਵਿੱਚ ਉਸਦਾ ਹੁਨਰ ਹੈ। ਆਪਣੇ ਫ਼ਾਰਮ ਤੇ ਖੁਦ ਏਆਈ ਕਰਕੇ, ਲਖਵੀਰ ਸਿੰਘ ਨੇ ਆਪਣੇ ਮੂਲ ਵੱਗ ਦੀ ਜੈਨੇਟਿਕਸ ਵਿੱਚ ਸੁਧਾਰ ਕੀਤਾ ਹੈ। 10-12 ਲੀਟਰ ਪ੍ਰਤੀਦਿਨ ਉਤਪਾਦਨ ਸਮਰੱਥਾ ਤੋਂ ਅੱਜ ਉਸਦੇ ਪਸ਼ੂ 22 ਲੀਟਰ ਔਸਤ ਤੇ ਪਹੁੰਚ ਗਏ ਹਨ।

ਬਹੁਤ ਸਾਰੇ ਲੋਕ ਉਸ ਤੋਂ ਖੁਰਾਕ, ਰਿਹਾਇਸ਼ ਅਤੇ ਪ੍ਰਬੰਧਨ ਬਾਰੇ ਮਾਰਗਦਰਸ਼ਨ ਲਈ ਜਾਣਕਾਰੀ ਲੈਂਦੇ ਹਨ। ਉਸ ਦੀ ਸਫਲਤਾ ਤੋਂ ਉਤਸ਼ਾਹਿਤ ਹੋ ਕੇ ਉਹਨਾਂ ਦੇ ਹੀ ਪਿੰਡ ਦੇ ਸ਼੍ਰੀ ਸਾਹਿਲ ਸਿੰਘ ਨੇ ਵੀ ਕੇਵੀਕੇ ਤੋਂ ਸਿਖਲਾਈ ਲੈ ਕੇ 2024 ਵਿੱਚ 7 ਪਸ਼ੂਆਂ ਨਾਲ ਡੇਅਰੀ ਫਾਰਮਿੰਗ ਦੀ ਸ਼ੁਰੂਆਤ ਕੀਤੀ ਹੈ ਅਤੇ ਸੈਲਫ ਮਾਰਕਿਟਿੰਗ ਦੀਆਂ ਲੀਹਾਂ ਤੇ ਸਫਲਤਾ ਪੂਰਵਕ ਅਗਾਂਹ ਵਧ ਰਹੇ ਹਨ।ਪੰਜਾਬ ਡੇਅਰੀ ਫਾਰਮਰਜ਼ ਐਸੋਸੀਏਸ਼ਨ (ਪੀਡੀਐਫਏ) ਵਿੱਚ ਉਸਦੀ ਸਰਗਰਮ ਮੈਂਬਰਸ਼ਿਪ ਹੈ ਜਿਸ ਨਾਲ ਉਹ ਨੀਤੀਗਤ ਵਿਚਾਰ-ਵਟਾਂਦਰੇ ਅਤੇ ਕਿਸਾਨ ਭਲਾਈ ਪਹਿਲੂਆਂ ਵਿੱਚ ਯੋਗਦਾਨ ਪਾ ਸਕਦਾ ਹੈ। ਕੇਵੀਕੇ ਦੀ ਹਰ ਪਸਾਰ ਮੁਹਿੰਮ ਵਿੱਚ ਲਖਵੀਰ ਸਿੰਘ ਪੂਰੀ ਸ਼ਿੱਦਤ ਨਾਲ ਭਾਗ ਲੈਂਦੇ ਹਨ।

ਅੱਜ, ਦੁੱਧ ਦੇ ਨਾਲ-ਨਾਲ ਉਹ ਵੱਛੀਆਂ ਦੀ ਵੀ ਫਰੋਖਤ ਕਰਦੇ ਹਨ ਅਤੇ ਦੁੱਧ ਦੀ ਪ੍ਰੋਸੈਸਿੰਗ ਵੱਲ ਆਉਣ ਲਈ ਵੀ ਸਿਖਲਾਈ ਲੈ ਰਹੇ ਹਨ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਆਮਦਨ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਉਹ ਬਾਇਓਗੈਸ ਪਲਾਂਟ ਬਾਲਣ ਅਤੇ ਖਾਦ ਵਿੱਚ ਬੱਚਤ ਦਾ ਯੋਗਦਾਨ ਪਾਉਂਦਾ ਹੈ, ਜਿਸਦਾ ਅਨੁਮਾਨ ₹50,000 ਸਾਲਾਨਾ ਹੈ।

## ਲਖਵੀਰ ਸਿੰਘ ਦੀ ਡੇਅਰੀ ਯੂਨਿਟ ਦਾ ਅਰਥ ਸ਼ਾਸਤਰ:

| ਆਮਦਨ ਦਾ ਸ੍ਰੋਤ | ਕੀਮਤ | ਉਤਪਾਦਨ | ਆਮਦਨ |
|---|---|---|---|
| ਦੁੱਧ | ਔਸਤ 40ਰੂ/ਲੀਟਰ | 18 ਦੁਧਾਰੂ ਪਸ਼ੂ ਔਸਤ ਉਤਪਾਦਨ= 22 ਲੀਟਰ/ਪਸ਼ੂ = 3.96 ਕੁਇੰਟਲ ਪ੍ਰਤੀ ਦਿਨ | 57,81,600/-ਪ੍ਰਤੀ ਸਾਲ |
| ਵੱਛੀਆਂ | 20,000-30,000/ਪਸ਼ੂ | 10-12 ਪ੍ਰਤੀ ਸਾਲ | 2,00,000-3,00,000/- ਪ੍ਰਤੀ ਸਾਲ |

ਅਪਰਨਾ ਗੁਪਤਾ ਅਤੇ ਸਤਬੀਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਰੋਪੜ
ਮੋਬਾਇਲ:73407-24999

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ



# ਮੌਸਮ

## (14-01-2026)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਸ਼ੀਤ ਲਹਿਰ ਜਾਰੀ ਰਹਿਣ ਦਾ ਅਨੁਮਾਨ ਹੈ।**

| | | | |
|---|---|---|---|
| ਦਿਨ ਦਾ ਤਾਪਮਾਨ: | 10.6ਡਿ.ਸੈ. | ਸ਼ਾਮ ਦੀ ਨਮੀ: | 80% |
| ਰਾਤ ਦਾ ਤਾਪਮਾਨ: | 4.5 ਡਿ.ਸੈ. | ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 0.4 ਮਿ.ਮਿ. |
| ਸਵੇਰ ਦੀ ਨਮੀ: | 97% | ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ |

| | |
|---|---|
| ਦਿਨ ਦੀ ਲੰਬਾਈ | 10 ਘੰਟੇ 20 ਮਿੰਟ |

**ਮੌਸਮ ਦੀ ਭਵਿੱਖਵਾਣੀ:** ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਅਤੇ ਸ਼ੀਤ ਲਹਿਰ ਚੱਲਣ ਦੀ ਸੰਭਾਵਨਾ ਹੈ। ਕੁਝ ਥਾਵਾਂ ਤੇ ਸੰਘਣੀ ਧੁੰਦ ਅਤੇ ਕੋਰਾ ਪੈ ਸਕਦਾ ਹੈ।

**ਆਉਣ ਵਾਲੇ ਦਿਨਾਂ ਵਿੱਚ ਮੌਸਮ ਦਾ ਹਾਲ**

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 11 - 16 | 12 - 16 | 12 - 16 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 4-8 | 3-8 | 2 - 8 |
| ਸਵੇਰ ਦੀ ਨਮੀ (%) | 88-96 | 88-96 | 88-96 |
| ਸ਼ਾਮ ਦੀ ਨਮੀ (%) | 59-87 | 59-87 | 65-87 |

**ਕਿਸਾਨਾਂ ਲਈ ਮੌਸਮ ਅਤੇ ਫ਼ਸਲਾਂ ਦਾ ਹਾਲ:** ਆਉਣ ਵਾਲੇ 4-5 ਦਿਨਾਂ ਦੌਰਾਨ ਮੌਸਮ ਖੁਸ਼ਕ ਅਤੇ ਸ਼ੀਤ ਲਹਿਰ ਚੱਲਣ ਦੀ ਸੰਭਾਵਨਾ ਹੈ। ਕੁਝ ਥਾਵਾਂ ਤੇ ਸੰਘਣੀ ਧੁੰਦ ਅਤੇ ਕੋਰਾ ਪੈ ਸਕਦਾ ਹੈ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਫਸਲਾਂ ਨੂੰ ਠੰਡ ਅਤੇ ਕੋਰੇ ਤੋਂ ਬਚਾਉਣ ਲਈ ਲਗਾਤਾਰ ਹਲਕੀ ਸਿੰਚਾਇਆਂ ਕਰਦੇ ਰਹੋ। ਪਸ਼ੂਆਂ ਨੂੰ ਮੌਜੂਦਾ ਸ਼ੀਤ ਲਹਿਰ ਤੋਂ ਬਚਾਉਣ ਲਈ ਅੰਦਰ ਰੱਖੋ।

# ਖੇਤੀ ਫ਼ਸਲਾਂ




ਆਉਣ ਵਾਲੇ 4-5 ਦਿਨਾਂ ਦੌਰਾਨ ਸਿਫ਼ਾਰਿਸ਼ ਅਨੁਸਾਰ ਸਿੰਜਾਈ ਕਰੋ ਅਤੇ ਸ਼ੀਤ ਲਹਿਰ/ਕੋਰੇ ਤੋਂ ਬਚਾਉਣ ਲਈ ਹਲਕੀ ਸਿੰਜਾਈ ਕਰੋ। ਸੇਂਜੂ ਹਾਲਤਾਂ ਵਿੱਚ ਪਿਛੇਤੀ ਬਿਜਾਈ ਲਈ (15 ਜਨਵਰੀ ਤੱਕ) ਪੀ ਬੀ ਡਬਲਯੂ 757 ਦੀ ਕਾਸ਼ਤ ਕਰੋ। ਬਿਜਾਈ ਵੇਲੇ 55 ਕਿੱਲੋ ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿੱਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ। ਪਹਿਲੇ ਅਤੇ ਦੂਜੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਅਤੇ ਅੱਧ ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ ਮੋਮੀਜੀ 85 ਡਬਲਯੂ ਜੀ (ਪਾਈਰੌਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਂਥੇਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਂਥੇਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋ। ਇਹਨਾਂ ਵਿੱਚੋਂ ਕਿਸੇ ਇੱਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ।ਗੁੱਲੀ ਡੰਡੇ ਅਤੇ ਜੰਗਲੀ ਜਵੀਂ ਦੀ ਰੋਕਥਾਮ ਲਈ ਕਲੋਡੀਨਾਫੌਪ 15 ਡਬਲਯੂ ਪੀ 160 ਗ੍ਰਾਮ ਜਾਂ ਫੌਨੌਕਸਾਪ੍ਰੌਪ ਈਥਾਇਲ 10 ਈ. ਸੀ 400 ਮਿ.ਲੀ ਜਾਂ ਲੀਡਰ/ਐਸ ਐਫ 10/ਸਫਲ/ਮਾਰਕਸਲਫੋ 75 ਡਬਲਯੂ ਜੀ (ਸਲਫੋਸਲਫੂਰਾਨ) 13 ਗ੍ਰਾਮ ਜਾਂ ਐਕਸੀਅਲ 5 ਈ ਸੀ (ਪਿਨੌਕਸਾਡਨ) 400 ਮਿ ਲੀ ਦਾ ਛਿੜਕਾਅ 150 ਲਿਟਰ ਪਾਣੀ ਦੀ ਵਰਤੋਂ ਨਾਲ 30-35 ਦਿਨਾਂ ਬਾਅਦ ਫਲੈਟ ਫੈਨ ਨੋਜ਼ਲ ਨਾਲ ਕਰੋ।ਗੁੱਲੀ ਡੰਡੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 160 ਗ੍ਰਾਮ ਐਟਲਾਂਟਿਸ 3.6 ਡਬਲਯੂ ਡੀ ਜੀ ਜਾਂ 16 ਗ੍ਰਾਮ ਟੋਟਲ/ਮਾਰਕਪਾਵਰ 75 ਡਬਲਯੂ ਜੀ (ਐਟਲਾਂਟਿਸ 3.6 ਡਬਲਯੂ ਡੀ ਜੀ (ਮੀਜ਼ੋਸਲਫੂਰਾਨ + ਆਈਓਡੋਸਲਫੂਰਾਨ) 160 ਗ੍ਰਾਮ ਜਾਂ ਟੋਟਲ/ਮਾਰਕਪਾਵਰ 75 ਡਬਲਯੂ ਜੀ (ਸਲਫੋਸਲਫੂਰਾਨ + ਮੈਟਸਲਫੂਰਾਨ) 16 ਗ੍ਰਾਮ ਜਾਂ ਅਕੌਡ ਪੱਲਸ (ਫੌਨੌਕਸਾਪ੍ਰੌਪ + ਮੈਟਰੀਬੂਜਿਨ) 500 ਮਿਲੀਲਿਟਰ ਜਾਂ 200 ਗ੍ਰਾਮ ਸ਼ਗਨ 21-11 ਜਾਂ 240 ਗ੍ਰਾਮ ਏ ਸੀ ਐਮ -9 ਪ੍ਰਤੀ ਏਕੜ ਵਰਤੋ) ਦੀ ਵਰਤੋਂ 150 ਲਿਟਰ ਪਾਣੀ ਨਾਲ 30-35 ਦਿਨਾਂ ਦੀ ਫ਼ਸਲ 'ਤੇ ਕਰੋ।ਕਣਕ ਦੀ ਕਿਸਮ ਉੱਨਤ ਪੀ ਬੀ ਡਬਲਯੂ 550 ਉਪਰ ਅਕੌਡ ਪਲੱਸ/ਸ਼ਗਨ 21-11 ਅਤੇ ਏ ਸੀ ਐਮ-9 ਦਾ ਛਿੜਕਾਅ ਨਾ ਕਰੋ। ਹਲਕੀਆਂ ਜ਼ਮੀਨਾਂ ਵਿੱਚ ਸ਼ਗਨ ਦੀ ਵਰਤੋਂ ਨਾ ਕਰੋ।ਜਿੱਥੇ ਸਲਸਲਫੂਰਾਨ ਦੀ ਵਰਤੋਂ ਕੀਤੀ ਹੋਵੇ ਉੱਥੇ ਸਾਉਣੀ ਸਮੇਂ ਚਰ੍ਹੀ ਅਤੇ ਮੱਕੀ ਨਾ ਬੀਜੋ।




ਫ਼ਸਲ ਨੂੰ ਕੋਰੇ ਅਤੇ ਸ਼ੀਤ ਲਹਿਰ ਤੋਂ ਬਚਾਉਣ ਲਈ ਹਲਕਾ ਪਾਣੀ ਦਿਉ। ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿੱਚ ਭੇਜਣ ਲਈ) ਸ਼ੁਰੂ ਕਰ ਦਿਉ। ਕਟਾਈ ਖ਼ਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ।




ਫ਼ਸਲ ਨੂੰ ਕੋਰੇ ਅਤੇ ਸ਼ੀਤ ਲਹਿਰ ਤੋਂ ਬਚਾਉਣ ਲਈ ਹਲਕਾ ਪਾਣੀ ਦਿਉ।




ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਸਮੇਂ ਸਿਰ ਬੀਜੀ ਛੋਲਿਆਂ ਅਤੇ ਮਸਰ ਦੀ ਫ਼ਸਲ ਨੂੰ ਮੌਸਮ ਅਨੁਸਾਰ ਜਰੂਰਤ ਮੁਤਾਬਿਕ ਛੋਲਿਆਂ ਅਤੇ ਮਸਰ ਦੀ ਫ਼ਸਲ ਨੂੰ ਕੋਰੇ ਤੋਂ ਬਚਾਉਣ ਲਈ ਹਲਕੀ ਸਿੰਜਾਈ ਕਰੋ। ਛੋਲਿਆਂ ਅਤੇ ਮਸਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ।




**ਜਵੀ:** ਹਰੇ ਚਾਰੇ ਦੀ ਘਾਟ ਨੂੰ ਪੂਰਾ ਕਰਨ ਲਈ ਇਸ ਮਹੀਨੇ ਅਗੇਤੀ ਬੀਜੀ ਜਵੀ ਨੂੰ ਕੱਟ ਲਵੋ। ਜੇਕਰ ਖੇਤ ਵਿੱਚ ਬੂਈਂ (ਪੋਆ ਘਾਹ) ਬਹੁਤ ਹੋਵੇ ਤਾਂ ਜਵੀ ਦੀਆਂ ਦੋ ਕਟਾਈਆਂ ਨਾ ਲਵੋ।

**ਬਰਸੀਮ:** ਇਸ ਦੌਰਾਨ ਮੌਸਮ ਨੂੰ ਧਿਆਨ ਵਿੱਚ ਰੱਖ ਕੇ ਹੀ ਸਿੰਜਾਈ ਕਰੋ। ਝੋਨੇ ਵਾਲੇ ਫਸਲੀ ਚੱਕਰ ਵਿਚ ਰੇਤਲੀਆਂ ਜ਼ਮੀਨਾਂ ਵਿਚ ਬੀਜੀ ਬਰਸੀਮ ਦੀ ਫਸਲ ਤੇ ਮੈਗਨੀਜ਼ ਦੀ ਘਾਟ ਆ ਸਕਦੀ ਹੈ। ਇਸ ਘਾਟ ਕਾਰਨ ਵਿਚਕਾਰਲੇ ਤਣੇ ਦੇ ਪੱਤਿਆਂ ਉਪਰ ਭੂਰੇ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਬਾਅਦ ਵਿਚ ਸੁੱਕ ਕੇ ਝੜ ਜਾਂਦੇ ਹਨ ਅਤੇ ਪੱਤਾ ਛਾਨਣੀ-2 ਹੋ ਜਾਂਦਾ ਹੈ। ਘਾਟ ਠੀਕ ਕਰਨ ਲਈ 0.5% ਮੈਗਨੀਜ਼ ਸਲਫੇਟ (1/2 ਕਿੱਲੋ ਮੈਗਨੀਜ਼ ਸਲਫੇਟ 100 ਲਿਟਰ ਪਾਣੀ ਪ੍ਰਤੀ ਏਕੜ) ਦੇ ਛਿੜਕਾਅ ਫਸਲ ਕੱਟਣ ਉਪਰੰਤ ਦੋ ਹਫਤੇ ਦੇ ਨਵੇਂ ਫੁਟਾਰੇ ਤੇ ਕਰੋ ਅਤੇ ਹਫਤੇ-2 ਬਾਅਦ 2-3 ਛਿੜਕਾਅ ਹੋਰ ਕਰੋ। ਜੇਕਰ ਬਰਸੀਮ ਵਿੱਚ ਤਣਾਂ ਗਲਣ ਦਾ ਰੋਗ ਹੋਵੇ ਤਾਂ ਫਸਲ ਕੱਟਣ ਪਿੱਛੋ ਖੇਤ ਨੂੰ ਧੁੱਪ ਲੱਗਣ ਦਿਓ ।

# ਬਾਗ਼ਬਾਨੀ



ਇਸ ਸਮੇਂ ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਕਿ ਅੰਬ, ਪਪੀਤਾ, ਅਮਰੂਦ, ਲੀਚੀ, ਨਿੰਬੂ ਜਾਤੀ ਦੇ ਬੂਟੇ, ਡਰੈਗਨ ਫ਼ਰੂਟ; ਖਾਸ ਕਰਕੇ ਨਵੇਂ ਲਾਏ ਬੂਟਿਆਂ ਨੂੰ ਸ਼ੀਤ ਲਹਿਰ ਅਤੇ ਕੋਰੇ ਤੋ ਬਚਾਉਣ ਲਈ ਧਿਆਨ ਨਾਲ ਦੇਖੋ ਕਿ ਠੰਢ ਤੋਂ ਬਚਾਉਣ ਲਈ ਜੋ ਕੁੱਲੀ ਬੰਨ੍ਹੀ ਸੀ ਉਹ ਠੀਕ ਹੈ। ਜੇਕਰ ਠੀਕ ਕਰਨ ਦੀ ਲੋੜ ਹੈ ਤਾਂ ਠੀਕ ਕਰ ਦਿਉ। ਬੇਰਾਂ ਨੂੰ ਇਸ ਮਹੀਨੇ ਪਾਣੀ ਦਿਉ ਕਿਉਂਕਿ ਇਸ ਮਹੀਨੇ ਫ਼ਲਾਂ ਦੇ ਵਾਧੇ ਦੀ ਅਵਸਥਾ ਹੁੰਦੀ ਹੈ। ਜਨਵਰੀ ਦੇ ਦੂਜੇ ਪੰਦਰਵਾੜੇ ਤੱਕ ਆੜੂ ਅਤੇ ਅਲੂਚੇ ਦੇ ਨਵੇਂ ਬੂਟੇ ਲਗਾ ਦੇਣੇ ਚਾਹੀਦੇ ਹਨ। ਨਾਖ, ਫ਼ਾਲਸਾ, ਅੰਜੀਰ, ਅੰਗੂਰ ਆਦਿ ਨੂੰ ਜਨਵਰੀ ਦੇ ਅਖੀਰ ਤੱਕ ਜਾਂ ਨਵੀ ਫ਼ੋਟ ਲਈ ਅੱਖਾਂ ਫ਼ੁੱਲਣ ਤੋਂ ਪਹਿਲਾਂ-ਪਹਿਲਾਂ ਲਗਾਇਆ ਜਾ ਸਕਦਾ ਹੈ। ਇਹ ਮਹੀਨਾ ਆੜੂ, ਅਲੂਚੇ ਅਤੇ ਨਾਖਾਂ ਆਦਿ ਦੀ ਕਾਂਟ-ਛਾਂਟ ਲਈ ਬਹੁਤ ਢੁੱਕਵਾਂ ਸਮਾਂ ਹੈ।

# ਸਬਜ਼ੀਆਂ



ਇਸ ਦੌਰਾਨ ਸ਼ੀਤ ਲਹਿਰ ਤੋਂ ਬਚਾਉਣ ਲਈ ਨਿਯਮਿਤ ਹਲਕੀ ਸਿੰਜਾਈ ਕਰੋ। ਆਲੂ ਉਤਪਾਦਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਪਿਛੇਤੀ ਝੁਲਸ ਰੋਗ ਦੇ ਲੱਛਣਾਂ ਲਈ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਅਤੇ ਸੰਪਰਕ ਉੱਲੀਨਾਸ਼ਕ ਜਿਵੇਂ ਕਿ ਇੰਡੋਫਿਲ ਐਮ-45/ਐਂਟਰਾਕੋਲ/ਕਵਚ@ @ 500-700 ਗ੍ਰਾਮ ਜਾਂ ਕਾਪਰ ਆਕਸੀਕਲੋਰਾਈਡ 50 ਡਬਲਯੂਪੀ @750-1000 ਗ੍ਰਾਮ ਦੀ ਸਪਰੇਅ ਕਰਨ। ਇੱਕ ਏਕੜ ਲਈ @ 250-350 ਲੀਟਰ ਪਾਣੀ ਵਿੱਚ ਦਵਾਈ ਘੋਲ ਕੇ ਝੁਲਸ ਰੋਗ ਆਉਣ ਤੋਂ ਪਹਿਲਾਂ 7 ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ। ਤੇਲੇ ਦੇ ਹਮਲੇ ਨੂੰ ਘਟਾਉਣ ਲਈ 300 ਮਿਲੀਲਿਟਰ ਮੈਟਾਸਿਸਟਾਕਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ। ਟਮਾਟਰ ਦੇ ਪੌਦਿਆਂ ਨੂੰ ਠੰਡ ਤੋਂ ਬਚਾਉਣ ਲਈ ਸਰਕੰਡਾ ਜਾਂ ਪੋਲੀਥੀਨ ਸ਼ੀਟ ਦਿਓ। ਮਦਰੇ ਟਮਾਟਰ ਦੀਆਂ ਕਿਸਮਾਂ ਨੂੰ 35 ਣ 25 ਸੈਂਟੀਮੀਟਰ ਆਕਾਰ ਦੇ 100-ਗੇਜ ਮੋਟੇ ਚਿੱਟੇ ਪਲਾਸਟਿਕ ਦੇ ਥੈਲਿਆਂ ਨਾਲ ਪੌਦਿਆਂ ਨੂੰ ਢੱਕ ਕੇ ਠੰਡ ਦੀ ਸੱਟ ਤੋਂ ਬਚਾਇਆ ਜਾ ਸਕਦਾ ਹੈ। ਜਨਵਰੀ ਦੇ ਪਹਿਲੇ ਪੰਦਰਵਾੜੇ 7-8 ਹਫ਼ਤੇ ਪੁਰਾਣੀ ਪਿਆਜ਼ ਦੀ ਪਨੀਰੀ ਖੇਤ ਵਿੱਚ ਲਾ ਦਿਉ। ਬਿਜਾਈ ਤੋਂ ਪਹਿਲਾਂ 20 ਟਨ ਗਲੀ ਸੜੀ ਦੇਸੀ ਰੂੜੀ, 45 ਕਿੱਲੋ ਯੂਰੀਆ ਖਾਦ, 125 ਕਿੱਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿੱਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ। ਜਾਮਨੀ ਧੱਬਿਆਂ ਦੀ ਰੋਕਥਾਮ ਲਈ ਫ਼ਸਲ ਤੇ 300ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫ਼ਿਲ ਐਮ-45 ਨੂੰ 200 ਮਿਲੀਲਿਟਰ ਟ੍ਰਾਈਟੋਨ ਜਾਂ ਅਲਸੀ ਦੇ ਤੇਲ ਵਿੱਚ ਮਿਲਾਉ। ਇਸ ਘੋਲ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾ ਕਰੋ। ਲੋੜ ਪੈਣ ਤੇ ਇਹ ਛਿੜਕਾਅ ਦਸ ਦਿਨਾਂ ਦੇ ਵਕਫ਼ੇ ਤੇ ਫਿਰ ਦੁਹਰਾਉ।

# ਪਸ਼ੂ ਪਾਲਣ



ਪਸ਼ੂਆਂ ਨੂੰ ਮੌਜੂਦਾ ਸ਼ੀਤ ਲਹਿਰ ਤੋਂ ਬਚਾਉਣ ਲਈ ਅੰਦਰ ਰੱਖੋ। ਉਨ੍ਹਾਂ ਨੂੰ ਸਾਫ-ਸੁਥਰੀ ਸੁੱਕੀ ਜਗ੍ਹਾਂ ਉੱਤੇ ਰੱਖੋ। ਸਰਦੀਆਂ ਵਿਚ ਪਸ਼ੂਆਂ ਨੂੰ ਸਵੇਰੇ ਤੇ ਸ਼ਾਮ ਵੇਲੇ ਨਹੀਂ ਨਹਾਉਣ ਚਾਹੀਦਾ ਸਗੋਂ ਦੁਪਹਿਰ ਵੇਲੇ ਧੁੱਪ ਵਿਚ ਨਵਾਉ। ਖਾਸ ਕਰਕੇ ਜਿਸ ਦਿਨ ਠੰਡੀ ਹਵਾ ਚੱਲ ਰਹੀ ਹੋਵੇ ਤਾਂ ਉਸ ਦਿਨ ਨਹੀਂ ਨਵਾਉਣਾ ਚਾਹੀਦਾ। ਸਾਫ ਸੁਥਰਾ ਦੁੱਧ ਪੈਦਾ ਕਰਨ ਲਈ ਸਰਦੀਆਂ ਵਿਚ ਪਸ਼ੂਆਂ ਦੇ ਹਵਾਨੇ ਦੇ ਆਲੇ ਦੁਆਲੇ ਦੇ ਹਿੱਸੇ ਨੂੰ ਬੁਰਸ ਦੇ ਨਾਲ ਸਾਫ ਕਰ ਦਿਉ ਤੇ ਬਾਅਦ ਵਿਚ ਸਾਫ ਕੱਪੜੈ ਨੂੰ ਗਿੱਲਾ ਕਰਕੇ ਹਵਾਨੇ ਤੇ ਫੇਰ ਦਿਉ। ਧਿਆਨ ਰੱਖੋ ਕਿ ਅਤਿ ਸਰਦੀ ਵਾਲੇ ਦਿਨਾਂ ਵਿਚ ਪਸ਼ੂਆਂ ਨੂੰ ਸਵੇਰੇ ਤੇ ਸ਼ਾਮੀ ਠੰਡ ਵਿੱਚ ਬਾਹਰ ਨਾ ਕੱਢੋ ਤੇ ਇਨ੍ਹਾਂ ਨੂੰ ਬਾਹਰ ਖੁੱਲੀ ਜਗ੍ਹਾ ਵਿਚ ਜਾਂ ਦਰੱਖਤਾਂ ਹੇਠ ਨਾ ਬੰਨ੍ਹੋ ਤਾਂ ਜੋ ਉਨ੍ਹਾਂ ਨੂੰ ਠੰਡ ਨਾ ਲੱਗ ਜਾਵੇ। ਠੰਡ ਕਾਰਣ ਪਸ਼ੂ ਦੀ ਦੁੱਧ ਦੇਣ ਦੀ ਸਮਰੱਥਾ ਵੀ ਘੱਟ ਜਾਵੇਗੀ ਅਤੇ ਕਈ ਬਿਮਾਰੀਆਂ ਵੀ ਲੱਗ ਜਾਣਗੀਆਂ।

## ਜਨਵਰੀ ਮਹੀਨੇ ਦੇ ਸਿਖਲਾਈ-ਕੋਰਸ




**ਕੇ. ਵੀ. ਕੇ. ਫਤਿਹਗੜ੍ਹ ਸਾਹਿਬ (01763-221217)**

ਜਨਵਰੀ 15: ਰੇਸ਼ਮੀ ਅਤੇ ਉੱਨੀ ਕੱਪੜਿਆਂ ਦੀ ਸਾਂਭ-ਸੰਭਾਲ

ਜਨਵਰੀ 16: ਕਣਕ ਦੀ ਫਸਲ ਦਾ ਗਰਮੀ ਤੋਂ ਬਚਾਅ

ਜਨਵਰੀ 19-24: ਸਿਲਾਈ ਕਰਨ ਦੀਆਂ ਨਵੀਆਂ ਤਕਨੀਕਾਂ

ਜਨਵਰੀ 27: ਚਾਰਾ ਸੁਕਾਉਣਾ

ਜਨਵਰੀ 28: ਛੋਲੇ ਅਤੇ ਮਸਰ ਦੀ ਫਸਲ ਵਿੱਚ ਕੀੜੇ-ਮਕੌੜਿਆਂ ਦੀ ਰੋਕਥਾਮ

## PAU Extends Support Across All Social Media Platforms

Connect with Us

Click Down

PAU Portal

2401960-79 (Ext. 373,475)

ਛਾਪਕ : ਡਾ. ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ। ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ